Postal No. - Jallandhar Vide No. L-4/PB/JL-0196/2024-2026
Regd No. 32212/78

# ਲੁਬਾਣਾ ਸੇਵਕ

ਫਰਵਰੀ 2025 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਮੁਬਾਰਕਾਂ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

**ਸੰਪਾਦਕੀ...**

# ਸਿਮਰੋ ਸ੍ਰੀ ਹਰਿਰਾਇ...



ਛੇਵੇਂ ਨਾਨਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੋਤਰੇ ਹਰਿ ਰਾਇ ਜੀ ਨੂੰ 3 ਮਾਰਚ 1644 ਈ. ਨੂੰ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਗੁਰਗੱਦੀ ਬਖ਼ਸ਼ੀ। ਗੁਰੂ ਹਰਿ ਰਾਇ ਸਾਹਿਬ ਜੀ ਦਾ ਜਨਮ 16 ਜਨਵਰੀ 1630 ਈ. ਨੂੰ ਮਾਤਾ ਨਿਹਾਲ ਕੌਰ ਜੀ ਦੀ ਕੁਖੋਂ ਹੋਇਆ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਸਨ। ਬਾਬਾ ਗੁਰਦਿੱਤਾ ਜੀ ਦੇ ਦੋ ਸਪੁੱਤਰ ਸਨ : ਬਾਬਾ ਧੀਰ ਮੱਲ ਜੀ ਅਤੇ ਗੁਰੂ ਹਰਿ ਰਾਇ ਸਾਹਿਬ ਜੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਾਹਿਬਜ਼ਾਦੇ ਸਨ : ਬਾਬਾ ਗੁਰਦਿੱਤਾ ਜੀ, ਬਾਬਾ ਅਟੱਲ ਰਾਇ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ ਅਤੇ ਗੁਰੂ ਤੇਗ਼ ਬਹਾਦਰ ਜੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਿਤਾ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਸਮੇਂ ਦੀ ਨਜ਼ਾਕਤ ਭਾਂਪਦੇ ਹੋਏ ਵੱਡੇ ਕਾਰਜ ਆਰੰਭੇ ਅਤੇ ਕੀਤੇ -

**"ਪੰਜ ਪਿਆਲੇ ਪੰਜ ਪੀਰ ਛਠਮੁ ਪੀਰ ਬੈਠਾ ਗੁਰ ਭਾਰੀ। ਅਰਜਨ ਕਾਇਆ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ।**
**ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ॥ ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।"**

ਛੇਵੇਂ ਪਾਤਸ਼ਾਹ ਜੀ ਨੂੰ ਗੁਰਗੱਦੀ 25 ਮਈ 1606 ਈ. ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਅਰਜਨ ਦੇਵ ਜੀ ਵੱਲੋਂ ਬਖ਼ਸ਼ੀ ਗਈ ਅਤੇ ਬਾਬਾ ਬੁੱਢਾ ਜੀ ਨੇ ਦੋ ਤਲਵਾਰਾਂ ਇਕ ਮੀਰੀ ਅਤੇ ਦੂਜੀ ਪੀਰੀ ਦੀਆਂ ਪਹਿਨਾਈਆਂ। ਆਪ ਜੀ ਨੇ ਸਿੱਖਾਂ ਨੂੰ ਸ਼ਸ਼ਤਰ ਅਤੇ ਘੋੜੇ ਭੇਟਾ ਕਰਨ ਲਈ ਕਿਹਾ ਅਤੇ ਅੰਗ ਰੱਖਿਅਕ ਰੱਖ ਕੇ ਨੌਜਵਾਨਾਂ ਫੌਜ ਤਿਆਰ-ਬਰ-ਤਿਆਰ ਕੀਤੀ ਅਤੇ ਲੋਹਗੜ੍ਹ ਕਿਲ੍ਹੇ ਦੀ ਉਸਾਰੀ ਕਰਵਾਈ। ਆਪ ਜੀ ਨੇ 1609 ਈ. ਵਿਚ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਕੀਤੀ। 1611 ਈ. ਨੂੰ ਗੁਰੂ ਜੀ ਨੂੰ ਜਹਾਂਗੀਰ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕੀਤਾ ਜਿੱਥੇ ਹੋਰ ਵੀ ਰਾਜੇ ਬੰਦੀ ਸਨ। ਲੇਕਿਨ ਸਿੱਖ ਸੰਗਤਾਂ ਦੀ ਬੇਚੈਨੀ ਕਰਕੇ 52 ਰਾਜਿਆਂ ਸਮੇਤ ਗੁਰੂ ਜੀ ਰਿਹਾ ਹੋ ਕੇ ਦੀਵਾਲੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ। ਇਸ ਉਪਰੰਤ ਜਹਾਂਗੀਰ ਨੇ ਸੁਲਾਹ ਕਰ ਲਈ ਅਤੇ 13 ਸਾਲ ਅਮਨ ਰਿਹਾ। ਗੁਰੂ ਸਾਹਿਬ ਨੇ ਚਾਰ ਜੰਗਾਂ ਲੜੀਆਂ ਅਤੇ ਚਾਰਾਂ ਵਿਚ ਹੀ ਜਿੱਤ ਪ੍ਰਾਪਤ ਕੀਤੀ।। ਆਪ ਜੀ 3 ਮਾਰਚ 1644 ਈ. ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ-ਜੋਤ ਸਮਾ ਗਏ।

ਗੁਰੂ ਹਰਿ ਰਾਇ ਸਾਹਿਬ ਜੀ ਵੱਡਿਆਂ ਦੇ ਬਚਨਾਂ ਨੂੰ ਦ੍ਰਿੜ੍ਹਤਾ ਨਾਲ ਨਿਭਾਉਣ, ਆਪਣੇ ਸੇਵਕ ਦੇ ਮਨ ਦੀ ਜਾਨਣ ਵਾਲੇ ਸਨ। ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਬਾਣੀ ਦਾ ਬਹੁਤ ਸਤਿਕਾਰ ਅਤੇ ਸ਼ਰਧਾ ਕਰਦੇ ਸਨ। ਜਦੋਂ ਵੀ ਸੰਗਤਾਂ ਸ਼ਬਦ ਕੀਰਤਨ ਕਰਦੇ ਆਉਂਦੇ ਤੇ ਸਤਿਗੁਰਾਂ ਦੇ ਆਵਾਜ਼ ਕੰਨੀਂ ਪੈਂਦੀ ਤਾਂ ਤੁਰੰਤ ਕਾਹਲੀ ਨਾਲ ਆਪਣੇ ਪਲੰਘ ਤੋਂ ਥੱਲੇ ਆਉਂਦੇ ਕਿਉਂਕਿ ਗੁਰੂ ਜੀ ਕਹਿੰਦੇ ਸਨ ਕਿ ਇਹ ਬਾਣੀ ਨਿਰੰਕਾਰ ਦੀ ਹੈ। ਪੰਜਾਬ ਵਿਚ ਕਾਲ ਸਮੇਂ ਆਪਣੇ ਦਾਦਾ, ਪੜਦਾਦਾ ਜੀ ਦੇ ਪਾਏ ਪੂਰਨਿਆਂ ਤੇ ਚੱਲ ਕੇ ਆਪਣੇ ਸ਼ਾਹੀ ਖਜ਼ਾਨੇ ਦੇ ਪੂਰੇ ਪ੍ਰਬੰਧ ਨਾ ਹੋਣ ਕਾਰਨ, ਦਿਲ ਖੋਲ੍ਹ ਕੇ ਮਾਇਆ ਅਤੇ ਪਦਾਰਥਾਂ ਰਾਹੀਂ ਸੇਵਾ ਸੰਭਾਲ ਕੀਤੀ। ਇਸ ਤਰ੍ਹਾਂ ਸ਼ਾਹਜਹਾਨ ਦਾ ਵੱਡਾ ਪੁੱਤਰ ਦਾਰਾ ਸ਼ਿਕੋਹ ਜੋ ਕਿ ਪੰਜਾਬ ਦਾ ਗਵਰਨਰ ਸੀ ਉਹ ਗੁਰੂ ਜੀ ਦਾ ਕਾਇਲ ਹੋ ਗਿਆ ਅਤੇ ਗੁਰੂ ਜੀ ਨੂੰ ਕਈ ਵਾਰ ਮਿਲਿਆ ਅਤੇ ਗੁਰੂ ਜੀ ਨੂੰ ਲੰਗਰ ਵਾਸਤੇ ਜਗੀਰ ਦੇਣ ਦੀ ਜਾਚਨਾ ਕੀਤੀ ਪ੍ਰੰਤੂ ਗੁਰੂ ਜੀ ਨੇ ਇਹ ਆਖ ਕੇ ਇਨਕਾਰ ਕਰ ਦਿੱਤਾ ਕਿ ਲੰਗਰ ਸਿੱਖ ਸੰਗਤਾਂ ਦੇ ਪਿਆਰ ਕੁਰਬਾਨੀ ਰਾਹੀਂ ਹੀ ਚੱਲਣਾ ਚਾਹੀਦਾ ਹੈ। ਆਪ ਜੀ ਦਿਆਲੂ ਸਤਿਗੁਰ ਸਨ ਜਿਵੇਂ ਕਿ ਆਪ ਨੇ ਭਾਈ ਗਾਉਰਾ ਦੀ ਭੁੱਲ ਬਖ਼ਸ਼ੀ, ਭਾਈ ਜੀਉਣ ਜੀ ਨੂੰ ਪਰਉਪਕਾਰੀ ਬਣਾਇਆ ਅਤੇ ਸੇਧ ਦਿੱਤੀ ਕਿ ਅਕਾਲ ਪੁਰਖ ਦੇ ਹੁਕਮਾਂ ਵਿਚ ਰਹਿਣਾ ਹੈ ਅਤੇ ਪ੍ਰਾਣੀ ਆਪਣੇ ਕਰਮਾਂ ਅਨੁਸਾਰ ਜੀਵਨ ਭੋਗਦਾ ਹੈ। ਦੁੱਖ, ਸੁੱਖ, ਉਮਰ ਤਿੰਨਾਂ ਨੂੰ ਵਿਧਾਤਾ ਹੀ ਬਣਾਉਂਦਾ ਹੈ। ਪ੍ਰਭੂ ਦੀ ਮਰਯਾਦਾ ਅਟੱਲ ਹੈ। ਇਸ ਤਰ੍ਹਾਂ ਭਾਈ ਜੀਉਣਾ ਨੂੰ ਬ੍ਰਾਹਮਣ ਦੇ ਪੁੱਤਰ ਨੂੰ ਜੀਵਤ ਕਰਨ ਬਦਲੇ ਭਾਈ ਜੀਉਣ ਨੂੰ ਜਿੰਦ ਬਦਲੇ ਜਿੰਦ ਦੇਣੀ ਪਈ। ਆਪ ਜੀ ਨੇ ਮਰ੍ਹਜ ਗੋਤ ਦੇ ਕਿਸਾਨਾਂ ਦਾ ਵੱਸਣਾ ਕੀਤਾ ਜੋ ਕਿ ਕੌੜੇ ਗੋਤ ਦੇ ਮਾਲਵੇ ਦੇ ਕਿਸਾਨ ਤਕੜੇ ਅਤੇ ਮਾਲਕ ਸਨ। ਗੁਰੂ ਜੀ ਦੀ ਪ੍ਰੇਰਨਾ ਸਦਕਾ ਜੈਤ ਪਿਰਾਣਾ ਮਾਲਕਾਂ ਨਾਲ ਡੱਟ ਕੇ ਮੁਕਾਬਲਾ ਕੀਤਾ ਅਤੇ ਗੁਰੂ ਕ੍ਰਿਪਾ ਨਾਲ ਉਹ ਮੈਦਾਨ ਛੱਡ ਕੇ ਭੱਜ ਗਏ। ਫਿਰ ਇਨ੍ਹਾਂ ਨੇ ਮਹਿਰਾਜ ਨਗਰ ਦੀ ਉਸਾਰੀ ਕੀਤੀ। ਇਸੇ ਤਰ੍ਹਾਂ ਮਰ੍ਹਜ ਕੁਲ ਦਾ ਇਕ ਆਗੂ ਕਾਲਾ ਨਾਮ ਵਿਅਕਤੀ ਆਪਣੇ ਯਤੀਮ ਭਤੀਜੇ ਜਿਨ੍ਹਾਂ ਦਾ ਨਾਮ ਫੂਲ ਅਤੇ ਸੰਦਲੀ ਸਨ ਦੀ ਪਾਲਣਾ ਕਰ ਰਿਹਾ ਸੀ। ਉਹ ਗੁਰੂ ਹਰਿ ਰਾਇ ਸਾਹਿਬ ਦਾ ਸ਼ਰਧਾਵਾਨ ਸਿੱਖ ਸੀ। ਉਨ੍ਹਾਂ ਭੁੱਖੇ ਬੱਚਿਆਂ ਨੂੰ ਗੁਰੂ ਜੀ ਨੇ ਕਿਹਾ ਕਿ ਇਹ ਤਾਂ ਰਾਜਕੁਮਾਰ ਹਨ ਇਹ ਤਾਂ ਰਾਜ ਕਰਨਗੇ। ਇਨ੍ਹਾਂ ਦੇ ਘੋੜੇ ਯਮਨਾ ਨਦੀ ਵਿਚ ਪਾਣੀ ਪੀਆ ਕਰਨਗੇ। ਇਸੇ ਤਰ੍ਹਾਂ ਕਾਲੇ ਦੀ ਪਤਨੀ ਦੇ ਕਹਿਣ ਤੇ ਕਾਲੇ ਦੀ ਔਲਾਦ ਨੂੰ ਵਰ ਮਿਲਿਆ ਕਿ ਵਾਹਿਗੁਰੂ ਦੀ ਕ੍ਰਿਪਾ ਨਾਲ ਇਨ੍ਹਾਂ ਦੀ ਔਲਾਦ ਨੂੰ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਆਵੇਗੀ ਅਤੇ ਵੱਡੇ-ਵੱਡੇ ਜ਼ਿੰਮੀਦਾਰ ਹੋਣਗੇ। ਅੱਜ ਉਹੀ ਇਲਾਕੇ ਵਾਲੇ ਚੜ੍ਹਦੀ ਕਲਾ ਵਿਚ ਹਨ। ਗੁਰੂ ਜੀ ਨੇ ਕੀਰਤਪੁਰ ਸਾਹਿਬ ਵਿਖੇ ਉੱਤਮ ਦਰਜੇ ਦਾ ਸ਼ਾਹੀ ਦਵਾ ਭੰਡਾਰ ਉਪਲਬਧ ਕੀਤਾ ਜਿਸ ਨਾਲ ਬਹੁਤ ਲੋਕਾਂ ਨੂੰ ਆਰਾਮ ਮਿਲਦਾ ਸੀ ਅਤੇ ਦਾਰਾ ਸ਼ਿਕੋਹ ਵੀ ਇਥੋਂ ਦੁਰਲੱਭ ਦਵਾ ਨਾਲ ਠੀਕ ਹੋਇਆ ਸੀ। ਆਪ ਜੀ ਨੇ ਭਾਈ ਕਰਮ ਵੱਲੋਂ ਦਿਲੋਂ ਸ਼ਰਧਾਵਾਨ ਹੋਣ ਤੇ ਅੰਬ ਸਾਹਿਬ (ਮੋਹਾਲੀ) ਵਿਖੇ ਸੱਤਵੇਂ ਜਾਮੇਂ ਵਿਚ ਬੇਮੌਸਮੀ ਰੁੱਤੇ ਵੀ ਅੰਬ ਛੱਕੇ। ਆਪ ਜੀ ਨੇ ਬਾਬਾ ਰਾਮ ਰਾਇ ਜੀ ਨੂੰ ਗੁਰਬਾਣੀ ਨੂੰ ਔਰੰਗਜ਼ੇਬ ਦੇ ਦਰਬਾਰ ਵਿਚ **"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ"** ਨੂੰ **"ਮਿੱਟੀ ਬੇਈਮਾਨ ਕੀ ਉਚਾਰਿਆ"** ਜਿਸ ਕਾਰਨ ਗੁਰੂ ਜੀ ਨੇ ਉਹਨਾਂ ਨੂੰ ਮੱਥੇ ਨਾ ਲੱਗਣ ਦੀ ਹਦਾਇਤ ਕੀਤੀ ਅਤੇ ਗੁਰਤਾ ਗੱਦੀ ਸ੍ਰੀ ਗੁਰੂ ਕ੍ਰਿਸ਼ਨ ਸਾਹਿਬ ਜੀ ਨੂੰ ਬਖ਼ਸ਼ਿਸ਼ ਹੋਈ। ਗੁਰੂ ਸਾਹਿਬਾਨਾਂ ਨੇ ਜੀਵਨ ਜਾਂਚ ਗੁਰ ਮਰਿਆਦਾ, ਜ਼ੁਲਮ ਦਾ ਟਾਕਰਾ ਕਰਨਾ, ਮਜ਼ਲੂਮਾਂ ਦੀ ਰੱਖਿਆ ਕਰਨ, ਬਾਣੀ ਤੇ ਬਾਣੇ ਦੀ ਰਹਿਤ, ਵੱਡਿਆਂ ਦਾ ਸਤਿਕਾਰ ਅਤੇ ਪੂਰਨਿਆਂ 'ਤੇ ਚੱਲਣ ਨੂੰ ਹੀ ਕਿਹਾ ਹੈ।

**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ



ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ



**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181



## Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥**
**ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥**

**ਮਾਘ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਪੂਰਨਮਾਸ਼ੀ - 12-02-2025 (ਬੁੱਧਵਾਰ)**
**ਸੰਗਰਾਂਦ - 12-02-2025 (ਬੁੱਧਵਾਰ)**
**ਮੱਸਿਆ - 27-02-2025 (ਵੀਰਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 140 | ਫਰਵਰੀ - 2025



| | | |
|---|---|---|
| 1. | ਪ੍ਰੇਮ ਤੇ ਉਤਸ਼ਾਹ ਦਾ ਪ੍ਰਤੀਕ ਬਸੰਤ ਰੁੱਤ | 4 |
| 2. | ਸੱਤਵੇਂ ਨਾਨਕ ਸ੍ਰੀ ਗੁਰੂ ਹਰਿਰਾਇ ਸਾਹਿਬ | 7 |
| 3. | ਸਾਕਾ ਸ੍ਰੀ ਨਨਕਾਣਾ ਸਾਹਿਬ | 9 |
| 4. | ਜਨਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 11 |
| 5. | ਪੰਜਾਬ ਵਿਚ ਪੀ.ਸੀ.ਐਸ. (ਕਾਰਜਕਾਰੀ ਸ਼ਾਖਾ) ਅਤੇ ਹੋਰ ਅਸਾਮੀ..... | 13 |
| 6. | ਬੱਚਿਆਂ ਦਾ ਸੁਨਹਿਰੀ ਭਵਿੱਖ | 14 |
| 7. | ਜੀਵਨ ਵਿਕਾਸ - ਇਕ ਸੰਘਰਸ਼ | 15 |
| 8. | ਪਾਕਿਸਤਾਨ ਵਿਚ ਸਿੱਖਾਂ ਦੇ ਧਾਰਮਿਕ ਅਸਥਾਨ | 17 |
| 9. | ਭਗਤ ਰਵਿਦਾਸ ਜੀ ਦਾ ਰੂਹਾਨੀ ਉਪਦੇਸ਼ | 18 |
| 10. | ਵੱਡਾ ਘੱਲੂਘਾਰਾ : ਅਬਦਾਲੀ ਵੱਲੋਂ ਸਿੱਖਾਂ ਦੇ ਕਾਫ਼ਲੇ 'ਤੇ ਕਹਿਰੀ ਹਮਲਾ | 22 |
| 11. | ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ | 24 |
| 12. | ਗੁਰ ਸਾਗਰ ਦੇ ਸੁੱਚੇ ਮੋਤੀ | 26 |
| 13. | ਨਾਟਕ ਹੀ ਨਾਟਕ | 27 |
| 14. | ਮੈਡੀਕਲ ਖੇਤਰ ਵਿਚ ਸੰਗੀਤ ਦਾ ਕਮਾਲ | 28 |
| 15. | ਨਸ਼ੇ, ਨਸ਼ੇ, ਨਸ਼ੇ, ਮਾਰ ਲਿਆ ਨਸ਼ਿਆਂ ਨੇ ਪੰਜਾਬ ਨੂੰ | 30 |
| 16. | ਸਿਹਤ ਸੰਭਾਲ | 32 |
| 17. | ਕਾਵਿ-ਕਿਆਰੀ | 33 |
| 18. | मेरे सपनों की उड़ान | 35 |
| 19. | WHAT IS CYBER SECURITY? | 36 |
| 20. | Application Form | 37 |
| 21. | Matrimonial | 39 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਉਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

Computer Designing - Walia Enterprises, M.: 98153-78692



# ਪ੍ਰੇਮ ਤੇ ਉਤਸ਼ਾਹ ਦਾ ਪ੍ਰਤੀਕ ਬਸੰਤ ਰੁੱਤ




**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਮਸਲ ਫਾਉਂਡੇਸ਼ਨ**
**ਚੰਡੀਗੜ੍ਹ**
**98155-40240**


ਰੁੱਤਾਂ ਵਿਚੋਂ ਰੁੱਤ, ਬਸੰਤ ਰੁੱਤ। ਹੋਰ ਕੋਈ ਵੀ ਰੁੱਤ ਇੰਨੀ ਸੋਹਣੀ ਤੇ ਸੁਹਾਵਣੀ ਨਹੀਂ ਹੁੰਦੀ। ਸਿਆਲ ਆਉਂਦਾ ਹੈ ਤਾਂ ਕੰਬਣੀ ਛੇੜ ਜਾਂਦਾ ਹੈ। ਸਿਆਲ ਰੁੱਤ ਬਾਰੇ ਆਮ ਕਹਾਵਤ ਹੈ:-

**ਸਿਆਲ ਦਾ ਪਾਲਾ, ਜਵਾਨਾਂ ਦਾ ਸਾਲਾ,**
**ਬੱਚਿਆਂ ਦਾ ਭਾਈ ਤੇ ਬੁੱਢਿਆਂ ਦਾ ਜਵਾਈ।**

ਅਸੀਂ ਸਾਲ ਵਿਚ ਕਈ ਰੁੱਤਾਂ ਹੰਢਾਂਦੇ ਹਾਂ। ਕਦੀ ਗਰਮੀ ਤੇ ਕਦੀ ਪਾਲਾ। ਕਦੀ ਤੱਤੀ ਲੂ ਤੇ ਕਦੀ ਵਰਖਾ ਦੀਆਂ ਫੁਹਾਰਾਂ। ਕਦੀ ਪੱਤਝੜ ਤੇ ਕਦੀ ਫੁੱਲਾਂ-ਫਲਾਂ ਨਾਲ ਲੱਦੇ ਪੌਦੇ। ਕਦੀ ਵਿਸਾਖ ਦੀਆਂ ਵਾਢੀਆਂ ਤੇ ਕਦੀ ਸੜਦਾ ਹੋਇਆ ਜੇਠ-ਹਾੜ੍ਹ। ਕਦੀ ਸਾਉਣ ਦੀਆਂ ਝੜੀਆਂ ਤੇ ਕਦੀ ਭਾਦੋਂ ਦੇ ਛੱਰਾਟੇ। ਕਦੀ ਇਸ ਤਰ੍ਹਾਂ ਵੀ ਹੁੰਦਾ ਹੈ,

ਅੱਸੂ ਮਾਂਹ ਨਿਰਾਲੇ, ਦਿਨੇ ਧੁੱਪਾਂ ਤੇ ਰਾਤੀਂ ਪਾਲੇ।

ਬਸੰਤ ਰੁੱਤ ਪੱਤਝੜੀ ਸਿਆਲ ਰੁੱਤ ਦੇ ਪਿਛੋਂ ਆਉਂਦੀ ਹੈ। ਇਸ ਦੇ ਹਿੱਸੇ ਮਾਘ, ਫੱਗਣ ਤੇ ਚੇਤਰ ਦੇ ਕੁਝ ਦਿਨ (ਫਰਵਰੀ-ਮਾਰਚ) ਆਉਂਦੇ ਹਨ। ਇਸ ਦੇ ਪਿੱਛੇ-ਪਿੱਛੇ ਗਰਮੀ ਦੀ ਰੁੱਤ ਆ ਰਹੀ ਹੁੰਦੀ ਹੈ। ਇਸ ਤਰ੍ਹਾਂ ਬਸੰਤ ਰੁੱਤ ਸਿਆਲੇ ਤੇ ਹੁਨਾਲੇ ਦਾ ਵਿਚਕਾਰਲਾ ਸਮਾਂ ਹੈ।

ਬਸੰਤ ਨੂੰ ਰਿਤੂ ਰਾਜਾ ਕਿਹਾ ਜਾਂਦਾ ਹੈ। ਮਹਾਂ ਕਵੀ ਕਾਲੀ ਦਾਸ ਨੇ ਵੀ ਆਪਣੀ ਪ੍ਰਸਿੱਧ ਪੁਸਤਕ ਰਿਤੂ ਸਮਹਾ ਵਿਚ ਇਸ ਦੀ ਵਡਿਆਈ ਕੀਤੀ ਹੈ। ਉਹ ਲਿਖਦਾ ਹੈ ਭਵਤੁ ਭਵ ਬਸੰਤ ਸ੍ਰੇਸ਼ਟ ਕਾਲ ਸੁਖਾਯ। ਭਾਵ ਬਸੰਤ ਸਾਰੀਆਂ ਰੁੱਤਾਂ ਵਿਚੋਂ ਸੁਖਦਾਈ ਰੁੱਤ ਹੁੰਦੀ ਹੈ। ਇਸ ਰੁੱਤ 'ਚ ਸਰੀਰ ਨੂੰ ਸੁੱਖ ਮਿਲਦਾ ਹੈ।

ਰੁੱਤਾਂ ਦਾ ਇਹ ਚੱਕਰ ਪ੍ਰਿਥਵੀ ਦੇ ਸੂਰਜ ਦੁਆਲੇ ਘੁੰਮਣ ਕਰਕੇ ਪੈਦਾ ਹੁੰਦਾ ਹੈ। ਬਸੰਤ ਰੁੱਤ ਵਿਚ ਪ੍ਰਿਥਵੀ ਸਿਆਲ (ਸਰਦੀ ਦੀ ਰੁੱਤ) ਵਿਚੋਂ ਨਿਕਲ ਕੇ ਗਰਮੀਆਂ ਦੇ ਪੱਖ ਵੱਲ ਜਾ ਰਹੀ ਹੁੰਦੀ ਹੈ। ਇਹ ਤਬਦੀਲੀ ਇਕਦਮ ਨਹੀਂ ਹੁੰਦੀ ਸਗੋਂ ਹੌਲੀ ਹੌਲੀ ਵਾਪਰਦੀ ਹੈ। ਮਾਰਚ ਦੇ ਮਹੀਨੇ ਪ੍ਰਿਥਵੀ ਦਾ ਕੋਈ ਵਿਸ਼ੇਸ਼ ਝੁਕਾਅ ਨਹੀਂ ਬਣਦਾ। ਪ੍ਰਿਥਵੀ ਦਾ ਕੋਈ ਵਿਸ਼ੇਸ਼ ਹਿੱਸਾ ਸੂਰਜ ਸਾਹਮਣੇ ਨਹੀਂ ਹੁੰਦਾ ਸਗੋਂ ਸਾਰੀ ਪ੍ਰਿਥਵੀ ਸੂਰਜ ਮੂਹਰੇ ਇਕੋ ਜਿਹੀ ਸੇਧ ਵਿਚ ਹੁੰਦੀ ਹੈ। ਦਿਨ ਰਾਤ ਵੀ ਬਰਾਬਰ ਜਿਹੇ ਹੋ ਜਾਂਦੇ ਹਨ। ਮੌਸਮ ਵੀ ਠੀਕ ਹੋ ਜਾਂਦਾ ਹੈ। ਨਾ ਬਹੁਤੀ ਗਰਮੀ ਅਤੇ ਨਾ ਬਹੁਤੀ ਸਰਦੀ ਹੁੰਦੀ ਹੈ। ਇਸੇ ਰੁੱਤ ਨੂੰ ਬਸੰਤ ਕਿਹਾ ਜਾਂਦਾ ਹੈ। ਸਿਆਲ ਵਿਚ ਦਿਨ ਛੋਟੇ ਅਤੇ ਰਾਤਾਂ ਲੰਬੀਆਂ ਹੁੰਦੀਆਂ ਹਨ ਪਰ ਬਸੰਤ ਵਿਚ ਦਿਨ ਵੱਡੇ ਹੋਣ

ਲਗਦੇ ਹਨ। ਮਾਰਚ ਦੇ ਮਹੀਨੇ ਦੀ 22 ਤਾਰੀਖ ਨੂੰ ਦਿਨ ਅਤੇ ਰਾਤ ਬਰਾਬਰ ਹੋ ਜਾਂਦੇ ਹਨ ਪਰ ਇਸ ਦਿਨ ਪਿਛੋਂ ਦਿਨ ਵੱਡੇ ਤੇ ਰਾਤਾਂ ਛੋਟੀਆਂ ਹੋਣ ਲੱਗਦੀਆਂ ਹਨ। ਇਹ ਗਰਮੀਆਂ ਦੇ ਪੱਖ ਦਾ ਆਗਮਨ ਹੁੰਦਾ ਹੈ ਜਾਂ ਕਹਿ ਲਓ ਕਿ ਇਹ ਗਰਮੀ ਦਾ ਆਰੰਭ ਹੁੰਦਾ ਹੈ।



ਮਾਘ ਦੀਆਂ ਨਿੱਘੀਆਂ ਨਿੱਘੀਆਂ ਧੁੱਪਾਂ ਨਾਲ ਨਵੀਂ ਰੁੱਤ ਸ਼ੁਰੂ ਹੋ ਜਾਂਦੀ ਹੈ। ਜੇਕਰ ਲੋਹੜੀ ਪੋਹ ਮਹੀਨੇ ਦਾ ਅੰਤ ਹੈ ਤਾਂ ਬਸੰਤ ਪੰਚਮੀ ਬਹਾਰ ਰੁੱਤ ਦਾ ਆਰੰਭ ਹੈ। ਅਸੀਂ ਬਸੰਤ ਪੰਚਮੀ ਨਾਲ ਇਸ ਸੁੰਦਰ ਤੇ ਸੁਹਾਣੀ ਰੁੱਤ ਦਾ ਸੁਆਗਤ ਕਰਦੇ ਹਾਂ। ਲੋਕ ਆਪ ਮੁਹਾਰੇ ਹੀ ਆਖਦੇ ਹਨ ਆਈ ਬਸੰਤ, ਪਾਲਾ ਉਡੰਤ।

ਮਾਘ ਵਿਚ ਪਾਲੇ ਦੀ ਮੌਤ ਹੋ ਜਾਂਦੀ ਹੈ ਤੇ ਫੱਗਣ ਵਿਚ ਇਸਦਾ ਸੋਗ ਕਰ ਲਿਆ ਜਾਂਦਾ ਹੈ। ਫੱਗਣ ਵਾਉ ਵੱਗਣ ਦੀ ਅਖਾਣ ਅਨੁਸਾਰ ਹੁਣ ਹਵਾਵਾਂ ਵਿਚ ਵੀ ਕੁਝ ਤੇਜ਼ੀ ਆਉਣ ਲੱਗਦੀ ਹੈ। ਫੱਗਣ ਦੀ ਇਸ ਹਵਾ ਨੂੰ ਕੁਝ ਥਾਵਾਂ ਤੇ ਲੋਕ ਫਾਗਾ ਵੀ ਕਹਿੰਦੇ ਹਨ। ਇਹ ਫਾਗ ਹੀ ਹੌਲੀ ਹੌਲੀ ਗਰਮੀ ਨਾਲ ਪੱਕ ਕੇ ਲੂ ਬਣ ਜਾਂਦੀ ਹੈ। ਮਾਘ ਦੇ ਅੰਤਲੇ ਪੱਖ ਵਿਚ ਬਸੰਤ ਰੁੱਤ ਦੀਆਂ ਨਿੱਘੀਆਂ ਧੁੱਪਾਂ ਨਾਲ ਪਾਲਾ ਘਰਾਂ ਨੂੰ ਚਲਿਆ ਜਾਂਦਾ ਹੈ। ਇਸ ਰੁੱਤ ਵਿਚ ਸਵੇਰ ਤੇ ਸ਼ਾਮ ਹਵਾ ਅਡੋਲ ਹੋਈ ਹੀ ਅਨੁਭਵ ਹੁੰਦੀ ਹੈ ਪਰ ਦੁਪਹਿਰ ਪਿਛੋਂ ਕੁਝ ਤੇਜ਼ੀ ਫੜ ਲੈਂਦੀ ਹੈ। ਫੱਗਣ ਦੀਆਂ ਇਹ ਰੁਮਕਦੀਆਂ ਹਵਾਵਾਂ ਤਪਸ਼ ਵਧਣ ਨਾਲ ਜੇਠ-ਹਾੜ ਦੀਆਂ ਹਨ੍ਹੇਰੀਆਂ ਵਿਚ ਬਦਲ ਜਾਂਦੀਆਂ ਹਨ। ਇਸ ਤਰ੍ਹਾਂ ਫਲਾਂ, ਫੁੱਲਾਂ ਤੇ ਸਾਡੀਆਂ ਫ਼ਸਲਾਂ ਦੀ ਸੁੱਖ ਮੰਗਦਾ ਹੋਇਆ ਫੱਗਣ ਦਾ ਮਹੀਨਾ ਵੀ ਲੰਘ ਜਾਂਦਾ ਹੈ।

ਸਾਡੇ ਬਹੁਤੇ ਤਿਉਹਾਰ ਬਦਲਦੀਆਂ ਰੁੱਤਾਂ ਨਾਲ ਸਬੰਧ ਰਖਦੇ ਹਨ। ਬਸੰਤ ਪੰਚਮੀ, ਹੋਲੀ ਅਤੇ ਵੈਸਾਖੀ ਵਰਗੇ ਤਿਉਹਾਰ ਰੁੱਤਾਂ ਨਾਲ ਹੀ ਜੁੜੇ ਹੋਏ ਹਨ। ਕਈ ਵਾਰ ਕਿਸੇ ਮਹਾਂ ਪੁਰਸ਼ ਜਾਂ ਕਿਸੇ ਵਿਸ਼ੇਸ਼ ਘਟਨਾ ਨਾਲ ਜੁੜਨ ਕਰਕੇ ਇਹ ਤਿਉਹਾਰ ਹੋਰ ਵੀ ਪਵਿੱਤਰ ਬਣ ਜਾਂਦੇ ਹਨ। ਬਸੰਤ ਪੰਚਮੀ ਦਾ ਪੁਰਬ ਬੜਾ ਰੰਗੀਲਾ ਹੈ ਪਰ ਇਹ ਇਸ ਕਰਕੇ ਵੀ ਪਵਿੱਤਰ ਤੇ ਮਹਾਨ ਹੈ ਕਿਉਂਕਿ ਇਸ ਨਾਲ ਵੀਰ ਹਕੀਕਤ ਰਾਏ ਦੀ ਸ਼ਹੀਦੀ ਜੁੜੀ ਹੋਈ ਹੈ।

ਵੈਸਾਖੀ ਗਰਮ ਰੁੱਤ ਦੇ ਸੁਆਗਤ ਦਾ ਦਿਵਸ ਹੈ। ਇਸ ਦਿਨ ਕਿਸਾਨ ਕਣਕਾਂ ਦੀ ਵਾਢੀ ਸ਼ੁਰੂ ਕਰਦਾ ਹੈ। ਉਸਦੀ ਫਸਲ ਨੇ ਘਰ ਦੇ ਨਹੀਂ ਸਗੋਂ ਦੇਸ਼ ਦੇ ਭੜੋਲੇ ਭਰਨੇ ਹਨ। ਇਸ ਖ਼ੁਸ਼ੀ ਨੂੰ ਵੰਡਣ ਲਈ ਉਹ ਦਮਾਮੇ ਮਾਰਦਾ ਮੇਲੇ ਵਿਚ ਪਹੁੰਚ ਜਾਂਦਾ ਹੈ।

ਕੁਝ ਤਿਉਹਾਰ ਸਾਡੇ ਇਤਿਹਾਸ ਨਾਲ ਜੁੜੇ ਹੋਏ ਹਨ ਜਿਵੇਂ ਕਿ ਦੁਸ਼ਹਿਰਾ, ਦੀਵਾਲੀ, ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ। ਕੁਝ ਤਿਉਹਾਰ ਕੇਵਲ ਮਹਾਂ ਪੁਰਸ਼ਾਂ ਦੀ ਯਾਦ ਵਿਚ ਹੀ ਮਨਾਏ ਜਾਂਦੇ ਹਨ ਜਿਵੇਂ ਗੁਰਪੁਰਬ, ਰਾਮਨੌਮੀ, ਬੁੱਧ ਜੈਯੰਤੀ, ਜਨਮ ਅਸ਼ਟਮੀ, ਸ਼ਿਵਰਾਤਰੀ ਅਤੇ ਬਾਲ ਦਿਵਸ।

ਬਸੰਤ ਪੰਚਮੀ ਮੱਘਰ ਮਹੀਨੇ ਦੇ ਚਾਨਣੇ ਪੱਖ ਦੀ ਪੰਚਮੀ (ਫਰਵਰੀ) ਨੂੰ ਮਨਾਈ ਜਾਂਦੀ ਹੈ। ਇਹ ਮਹੀਨਾ ਪਿਆਰੀ ਮਹਿਕਾਂ ਭਰੀ ਬਸੰਤ ਰੁੱਤ ਦੇ ਆਉਣ ਦਾ ਸੰਦੇਸ਼ ਦਿੰਦਾ ਹੈ। ਬਸੰਤ ਪੰਚਮੀ ਸਾਡੇ ਦੇਸ਼ ਦਾ ਇਕ ਲੋਕ ਤਿਉਹਾਰ ਹੈ। ਸਮੇਂ ਦੇ ਗੇੜ ਨਾਲ ਇਸ ਤਿਉਹਾਰ ਨੇ ਵੀ ਕਈ ਰੂਪ ਬਦਲੇ ਹਨ। ਹੁਣ ਇਹ ਪੂਰੇ ਨਿਖਾਰ ਨਾਲ ਭਾਰਤ ਵਿਚ ਕੇਵਲ ਰੁੱਤ ਪੂਰਬ ਵਜੋਂ ਹੀ ਮਨਾਇਆ ਜਾਂਦਾ ਹੈ। ਪ੍ਰਾਚੀਨ ਭਾਰਤ ਵਿਚ ਬਸੰਤ ਦੇ ਤਿਉਹਾਰ ਨੂੰ ਸੁਵਸੰਤਕ ਕਹਿੰਦੇ ਹਨ। ਇਸ ਦਿਨ ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਸੀ। ਪਿੰਡਾਂ ਵਿਚ ਲੋਕ ਨੱਚਦੇ, ਕੁੱਦਦੇ ਅਤੇ ਖ਼ੁਸ਼ੀਆਂ ਮਨਾਉਂਦੇ ਸਨ। ਹਰ ਪਾਸੇ ਖੇੜਾ ਹੁੰਦਾ ਸੀ।

ਬਸੰਤ ਪਤੰਗਬਾਜ਼ੀ ਲਈ ਸਭ ਤੋਂ ਵਧੀਆ ਰੁੱਤ ਹੈ। ਇਸ ਰੁੱਤੇ ਪੌਣ ਬਹੁਤੀ ਤੇਜ਼ ਨਹੀਂ ਵਗਦੀ ਸਗੋਂ ਮੰਦ ਰੁਮਕ ਰਹੀ ਹੁੰਦੀ ਹੈ। ਪੌਣ ਬਹੁਤੀ ਸਿੱਲ੍ਹੀ ਵੀ ਨਹੀਂ ਹੁੰਦੀ। ਅਸਮਾਨ ਸਾਫ਼ ਸੁਥਰਾ ਤੇ ਸੁਹਣਾ ਵਿਖਾਈ ਦੇ ਰਿਹਾ ਹੁੰਦਾ ਹੈ। ਮੀਂਹ, ਹਨ੍ਹੇਰੀ ਜਾਂ ਝੱਖੜ ਦਾ ਕੋਈ ਡਰ ਵੀ ਨਹੀਂ ਹੁੰਦਾ। ਨਿੱਘੀ ਨਿੱਘੀ ਧੁੱਪ ਵਿਚ ਖੇਡਣ ਨੂੰ ਜੀਅ ਕਰਦਾ ਹੈ। ਪਤੰਗਬਾਜ਼ੀ ਨਾਲੋਂ ਹੋਰ ਸੁੰਦਰ ਖੇਡ ਕਿਹੜੀ ਹੋ ਸਕਦੀ ਹੈ ਪਰ ਇਹ ਖੇਡ ਛੱਤਾਂ ਉੱਪਰ ਨਹੀਂ ਸਗੋਂ ਬਾਹਰ ਪੱਧਰੇ ਖੇਤਾਂ ਤੇ ਮੈਦਾਨਾਂ ਵਿਚ ਖੇਡਣੀ ਚਾਹੀਦੀ ਹੈ। ਲੋਕ ਦੱਸਦੇ ਹਨ ਕਿਸੇ ਸਮੇਂ ਲਾਹੌਰ ਦੀ ਪਤੰਗਬਾਜ਼ੀ ਦੇਖਣ ਵਾਲੀ ਹੁੰਦੀ ਸੀ।

ਬਸੰਤ ਪੰਚਮੀ ਨੂੰ ਲੋਕ ਬਸੰਤੀ ਰੰਗੇ ਦੇ ਕਪੜੇ ਪਾ ਕੇ ਇਸ ਰੁੱਤ ਦਾ ਸੁਆਗਤ ਕਰਦੇ ਹਨ। ਬਸੰਤ ਫੁੱਲਾਂ ਵਰਗੇ ਬਸੰਤੀ ਲੋਕ। ਕੁਦਰਤ ਸੰਗ ਰਲ ਕੇ ਇਕ ਰੰਗ ਹੋ ਜਾਣਾ ਬੜੀ ਵਧੀਆ ਗੱਲ ਹੈ। ਫੁੱਲਾਂ ਵਰਗੇ ਬਣ ਕੇ ਲੋਕਾਂ ਖ਼ੁਸ਼ੀ ਤੇ ਮਹਿਕ ਵੰਡਣੀ ਕਿੰਨਾ ਉੱਤਮ ਗੁਣ ਹੈ।

ਜਦੋਂ ਕੁੜੀਆਂ ਬਸੰਤੀ ਚੁੰਨੀਆਂ ਲੈ ਕੇ ਸਰ੍ਹੋਂ ਦੇ ਖੇਤਾਂ ਵਿਚ ਸਾਗ

ਤੋੜਨ ਲਈ ਨਿਕਲਦੀਆਂ ਹਨ ਤਾਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਸਰ੍ਹੋਂ ਦੇ ਬਸੰਤੀ ਫੁੱਲ ਤੁਰ ਰਹੇ ਹੋਣ। ਬਸੰਤੀ ਦੁਪੱਟੇ, ਬਸੰਤੀ ਪੱਗਾ, ਬਸੰਤੀ ਰੁਮਾਲ, ਬਸੰਤੀ ਟੋਪੀਆਂ ਜਾਂ ਬਸੰਤੀ ਪਟਕੇ- ਇਹ ਸਭ ਕੁਝ ਸਾਡੀ ਖ਼ੁਸ਼ੀ ਨੂੰ ਹੀ ਤਾਂ ਦਰਸਾਂਦੇ ਹਨ। ਜੀਅ ਕਰਦਾ ਹੈ ਕਿ ਇਸ ਰੁੱਤ ਵਿਚ ਅਸੀਂ ਵੀ ਹੱਸਦੀ ਤੇ ਮਹਿਕਦੀ ਕੁਦਰਤ ਵਰਗੇ ਹੀ ਬਣ ਜਾਈਏ।



ਘਰਾਂ ਵਿਚ ਬਸੰਤੀ ਚੌਲ, ਸਾਡੀ ਉਡੀਕ ਕਰ ਰਹੇ ਹੁੰਦੇ ਹਨ। ਜਿਧਰ ਜਾਓ ਬਸੰਤ ਵਰਗਾ ਦ੍ਰਿਸ਼ ਹੀ ਨਜ਼ਰ ਆਉਂਦਾ ਹੈ। ਇਹ ਕਿਹੋ ਜਿਹਾ ਸੁਲੱਖਣਾ ਤਿਉਹਾਰ ਹੈ ਜਦੋਂ ਅਸੀਂ ਬਸੰਤ ਹੀ ਹੰਢਾ ਰਹੇ ਤੇ ਬਸੰਤ ਹੀ ਖਾ ਰਹੇ ਹੁੰਦੇ ਹਾਂ।

ਬਸੰਤ ਪੰਚਮੀ ਬਦਲਦੀ ਰੁੱਤਾ ਦਾ ਤਿਉਹਾਰ ਵੀ ਹੈ। ਹਰੇ ਭਰੇ ਖੇਤ, ਨਿੱਘੀ ਅਤੇ ਫੁੱਲਾਂ ਨਾਲ ਮਹਿਕਦੇ ਪੌਦੇ ਸਾਨੂੰ ਵਾਜਾਂ ਮਾਰਦੇ ਹਨ....ਆਓ ਰੱਜ ਕੇ ਸੈਰ ਕਰੋ। ਇਸ ਰੁੱਤ ਵਿਚ ਸੈਰ ਕਰਨ ਨਾਲ ਸਿਹਤ ਬਹੁਤ ਚੰਗੀ ਰਹਿੰਦੀ ਹੈ। ਇਸ ਦਾ ਕਾਰਨ? ਇਸ ਰੁੱਤ ਵਿਚ ਪੌਣ ਸਾਫ਼, ਸਵੱਛ ਤੇ ਸੁਗੰਧਤ ਹੁੰਦੀ ਹੈ। ਸੁਹਾਣੀ ਰੁੱਤ ਵਿਚ ਪ੍ਰਸੰਨਤਾ ਮਿਲਦੀ ਹੈ। ਜਿਸ ਤਰ੍ਹਾਂ ਪੌਦਿਆਂ ਅੰਦਰ ਨਵਾਂ ਰਸ ਪੈਦਾ ਹੁੰਦਾ ਹੈ ਉਸੇ ਤਰ੍ਹਾਂ ਸਾਡੇ ਸਰੀਰ ਵਿਚ ਵੀ ਲਹੂ ਦਾ ਗੇੜ ਕੁਝ ਤੇਜ਼ ਹੋ ਜਾਂਦਾ ਹੈ। ਉਂਜ ਵੀ ਜਦੋਂ ਖ਼ੁਸ਼ੀ ਪ੍ਰਾਪਤ ਹੁੰਦੀ ਹੈ ਤਾਂ ਸਾਡਾ ਲਹੂ ਵਧਦਾ ਤੇ ਕੁਝ ਤੇਜ਼ ਦੌੜਦਾ ਹੈ। ਇਸ ਲਈ ਇਨ੍ਹਾਂ ਦਿਨਾਂ ਵਿਚ ਫੁੱਲਾਂ ਬੂਟਿਆਂ ਦੀ ਸ਼ੋਭਾ ਵੇਖਣੀ, ਹਰੀ ਹਰੀ ਘਾਹ ਉੱਪਰ ਫਿਰਨਾ, ਤਾਜ਼ੀ ਪੌਣ ਵਿਚ ਲੰਬੇ ਲੰਬੇ ਸਾਹ ਲੈਣਾ, ਖੇਤਾਂ ਵਿਚ ਘੁੰਮਣਾ ਸਿਹਤ ਲਈ ਬਹੁਤਾ ਚੰਗਾ ਸਿੱਧ ਹੁੰਦਾ ਹੈ।

ਬਸੰਤ ਪੰਚਮੀ ਨੇ ਕਈ ਰੂਪ ਦੇਖੇ ਹਨ। ਪਹਿਲਾਂ ਪਹਿਲ ਇਹ ਤਿਉਹਾਰ ਕੇਵਲ ਸ਼ਾਹੀ ਮਹਿਲਾਂ ਤੀਕ ਹੀ ਸੀਮਤ ਸੀ। ਰਾਜੇ ਰਾਣੀਆਂ ਇਸ ਨੂੰ ਸ਼ਿੰਗਾਰ ਦੇ ਤਿਉਹਾਰ ਦੇ ਰੂਪ ਵਿਚ ਮਨਾਉਂਦੇ ਸਨ ਜਾਂ ਫਿਰ ਕੁਝ ਧਾਰਮਿਕ ਸਥਾਨਾਂ ਤੇ ਲੋਕ ਇਕੱਠੇ ਹੋ ਕੇ ਦੇਵਤਿਆਂ ਦੀ ਪੂਜਾ ਕਰਦੇ ਸਨ ਪਰ ਹੁਣ ਇਹ ਤਿਉਹਾਰ ਮਹਿਲ ਮਾੜੀਆਂ ਅਤੇ ਮੰਦਰਾਂ ਵਿਚੋਂ ਨਿਕਲ ਕੇ ਖੇਤਾਂ ਵਿਚ ਆ ਗਿਆ ਹੈ। ਪੰਜਾਬ ਵਿਚ ਇਹ ਤਿਉਹਾਰ ਮੌਸਮ ਅਤੇ ਸੂਰਬੀਰਤਾ ਨਾਲ ਜੁੜਿਆ ਹੋਇਆ ਹੈ। ਇਹ ਪੰਜਾਬੀਆਂ ਦੀ ਚੜ੍ਹਦੀ ਕਲਾ ਨੂੰ ਦਰਸਾਉਂਦਾ ਹੈ।

ਪੰਜਾਬ ਵਿਚ ਪਟਿਆਲਾ ਸ਼ਹਿਰ ਦੀ ਬਸੰਤ-ਪੰਚਮੀ ਬੜੀ ਪ੍ਰਸਿੱਧ ਹੈ। ਗੁਰਦੁਆਰਾ ਦੁਖ ਨਿਵਾਰਨ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਲੋਕ ਦੂਰੋਂ ਦੂਰੋਂ ਇਸ਼ਨਾਨ ਕਰਨ ਲਈ ਪੁੱਜਦੇ ਹਨ। ਗੁਰਦੁਆਰੇ ਦੇ ਬਾਹਰ ਮੇਲਾ ਭਰਦਾ ਹੈ। ਲੋਕਾਂ ਨੇ ਬੜੀਆਂ ਸੁਖਣਾ ਸੁਖੀਆਂ ਹੁੰਦੀਆਂ ਹਨ। ਇਨ੍ਹਾਂ ਸੁਖਾਂ ਦੀ ਪੂਰਤੀ ਲਈ ਹੀ ਉਹ ਇਥੇ ਪੁੱਜ ਕੇ ਪ੍ਰਸ਼ਾਦ ਕਰਾਉਂਦੇ ਤੇ ਬਸੰਤ-ਪੰਚਮੀ ਦੇ ਪੁਰਬ ਤੇ ਹਾਜ਼ਰੀ ਭਰਦੇ ਹਨ।

ਲਾਹੌਰ (ਪਾਕਿਸਤਾਨ) ਤੋਂ ਉੱਜੜ-ਪੁੱਜੜ ਕੇ ਆਏ ਲੋਕਾਂ ਨੇ ਪਟਿਆਲੇ ਵਿਚ ਵੀ ਵੀਰ ਹਕੀਕਤ ਰਾਏ ਦੀ ਯਾਦਗਾਰ ਬਣਾ ਲਈ ਹੈ। ਕਹਿੰਦੇ ਨੇ ਉਨ੍ਹਾਂ ਲੋਕਾਂ ਨੇ ਲਾਹੌਰ ਤੋਂ ਹਕੀਕਤ ਰਾਏ ਦੀ ਸਮਾਧ ਤੋਂ ਕੁਝ ਮਿੱਟੀ ਤੇ ਕੁਝ ਇੱਟਾਂ ਲੈ ਆਂਦੀਆਂ ਸਨ। ਇਸ ਨਾਲ ਹੀ ਉਨ੍ਹਾਂ ਨੇ ਇਥੇ ਸਮਾਧ ਤੇ ਬੁੱਤ ਬਣਾ ਕੇ ਹਕੀਕਤ ਰਾਏ ਦਾ ਦਿਨ ਮਨਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਗੱਲ ਨੇ ਪਟਿਆਲੇ ਦੀ ਬਸੰਤ ਪੰਚਮੀ ਨੂੰ ਹੋਰ ਸ਼ਰਧਾ ਵਾਲਾ ਬਣਾ ਦਿੱਤਾ ਹੈ।

● ● ●

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

**10 ਫਰਵਰੀ ਲਈ ਪ੍ਰਕਾਸ਼ ਦਿਹਾੜੇ 'ਤੇ**

# ਸੱਤਵੇਂ ਨਾਨਕ ਸ੍ਰੀ ਗੁਰੂ ਹਰਿਰਾਇ ਸਾਹਿਬ



ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਸਨ। ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ, ਬਾਬਾ ਗੁਰਦਿੱਤਾ, ਬਾਬਾ ਸੂਰਜ ਮੱਲ ਅਤੇ (ਗੁਰੂ) ਤੇਗ਼ ਬਹਾਦਰ ਜੀ। ਬਾਬਾ ਗੁਰਦਿੱਤਾ ਦੇ ਦੋ ਸਪੁੱਤਰ ਸਨ-ਬਾਬਾ ਧੀਰਮੱਲ ਅਤੇ (ਗੁਰੂ) ਹਰਿਰਾਇ ਜੀ। (ਗੁਰੂ) ਹਰਿਰਾਇ ਸਾਹਿਬ ਦਾ ਪ੍ਰਕਾਸ਼ 20 ਮਾਘ ਸੰਮਤ 1686 (30 ਜਨਵਰੀ, 1630 ਈ:) ਨੂੰ ਕੀਰਤਪੁਰ ਸਾਹਿਬ ਵਿਖੇ ਬਾਬਾ ਗੁਰਦਿੱਤਾ ਦੇ ਘਰ ਮਾਤਾ ਨਿਹਾਲ ਕੌਰ ਦੇ ਉਦਰ ਤੋਂ ਹੋਇਆ। ਕੀਰਤਪੁਰ ਸਾਹਿਬ ਬਾਬਾ ਗੁਰਦਿੱਤਾ ਨੇ ਗੁਰੂ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮ ਅਨੁਸਾਰ ਵਸਾਇਆ ਸੀ। ਇਸ ਅਸਥਾਨ 'ਤੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਸਾਈਂ ਬੁੱਢਣ ਸ਼ਾਹ ਨੂੰ ਮਿਲੇ ਸਨ।

(ਗੁਰੂ) ਹਰਿਰਾਇ ਸਾਹਿਬ ਬਚਪਨ ਤੋਂ ਹੀ ਸ਼ਾਂਤ ਸੁਭਾਅ, ਦਇਆ, ਕੁਦਰਤ ਪ੍ਰੇਮੀ, ਕੋਮਲਤਾ ਆਦਿ ਸਦਗੁਣਾਂ ਦੇ ਧਾਰਨੀ ਸਨ। ਗੁਰੂ ਪਿਤਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਹਜ਼ੂਰੀ ਵਿਚ ਆਪ ਦਾ ਬਚਪਨ ਬੀਤਿਆ। ਆਪ ਨੇ ਗੁਰੂ ਪਿਤਾ ਦੀ ਦੇਖ-ਰੇਖ ਅਤੇ ਸੁਚੱਜੀ ਅਗਵਾਈ ਵਿਚ ਅਰੰਭਕ ਅਧਿਆਤਮਿਕ ਤੇ ਸੰਸਾਰਿਕ, ਸਰੀਰਿਕ ਸਿੱਖਿਆ ਅਤੇ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ। ਆਪ ਜੀ ਸੁਭਾਅ ਦੇ ਨਰਮ, ਸਰੀਰ ਦੇ ਤਕੜੇ ਸਨ। ਆਪ ਜੀ ਦਾ ਵਿਆਹ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਨਾਲ 1640 ਈ: ਵਿਚ ਅਨੂਪ ਸ਼ਹਿਰ (ਯੂ.ਪੀ.) ਵਿਖੇ ਹੋਇਆ। ਆਪ ਦੇ ਦੋ ਸਪੁੱਤਰ ਸਨ ਬਾਬਾ ਰਾਮਰਾਇ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ ਅਤੇ ਬਾਬਾ ਗੁਰਦਿੱਤਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ-ਕਾਲ ਵਿਚ ਹੀ ਪ੍ਰਲੋਕ ਸਿਧਾਰ ਗਏ। ਬਾਬਾ ਸੂਰਜਮੱਲ ਨਿਰੋਲ ਸੰਸਾਰਿਕ ਬਿਰਤੀ ਅਤੇ (ਗੁਰੂ) ਤੇਗ ਬਹਾਦਰ ਜੀ ਬੀਰਤਾ, ਤਿਆਗ ਤੇ ਅਧਿਆਤਮਿਕ ਬਿਰਤੀ ਦੇ ਮਾਲਕ ਸਨ। ਬਾਬਾ ਗੁਰਦਿੱਤਾ ਦੇ ਵੱਡੇ ਸਪੁੱਤਰ ਬਾਬਾ ਧੀਰਮੱਲ ਵੀ ਗੁਰੂ-ਘਰ ਪ੍ਰਤੀ ਵਫ਼ਾਦਾਰ ਸਾਬਤ ਨਾ ਹੋਏ, ਕੇਵਲ (ਗੁਰੂ) ਹਰਿਰਾਇ ਸਾਹਿਬ ਜੀ ਹੀ ਗੁਰਗੱਦੀ ਦੇ ਯੋਗ ਵਾਰਿਸ ਸਾਬਤ ਹੋਏ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 3 ਮਾਰਚ, 1644 ਈ: ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ। 8 ਮਾਰਚ, 1644 ਈ: ਨੂੰ ਗੁਰਿਆਈ ਦੀ ਰਸਮ ਅਦਾ ਕੀਤੀ ਗਈ। ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ (ਜੋ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਸਨ) ਨੇ (ਗੁਰੂ) ਹਰਿਰਾਇ ਸਾਹਿਬ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ। ਉਸ ਸਮੇਂ ਗੁਰੂ ਹਰਿਰਾਇ ਸਾਹਿਬ ਜੀ ਦੀ ਉਮਰ 14 ਸਾਲ ਦੀ ਸੀ।

ਗੁਰੂ ਹਰਿਰਾਇ ਜੀ ਨੇ ਗੁਰੂ ਪਿਤਾ ਦੇ ਉਪਦੇਸ਼ ਨੂੰ ਜੀਵਨ ਭਰ ਨਿਭਾਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਖਰੀ ਹੁਕਮ ਅਨੁਸਾਰ ਆਪ ਜੀ ਨੇ ਆਪਣੇ ਨਾਲ ਹਮੇਸ਼ਾ 2200 ਘੋੜਸਵਾਰ ਰੱਖੇ ਪਰ ਸਮੁੱਚਾ ਜੀਵਨ ਅਮਨ ਸ਼ਾਂਤੀ ਨਾਲ ਗੁਜ਼ਾਰਿਆ। ਗੁਰੂ ਹਰਿਰਾਇ ਸਾਹਿਬ ਨੇ ਸ਼ਿਕਾਰ ਖੇਡਣਾ ਜਾਰੀ ਰੱਖਿਆ। ਗੁਰੂ ਹਰਿਰਾਇ ਸਾਹਿਬ ਦੇ ਸਮੇਂ ਸਿੱਖ ਧਰਮ ਨੇ ਚੰਗੀ ਉੱਨਤੀ ਕੀਤੀ। ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਕਈ ਮਹੱਤਵਪੂਰਨ ਲੋਕ ਭਲਾਈ ਦੇ ਕੰਮ ਕੀਤੇ। ਗੁਰੂ ਸਾਹਿਬ ਨੇ ਉਪਦੇਸ਼ ਦ੍ਰਿੜ੍ਹ ਕਰਵਾਇਆ ਕਿ ਸਾਨੂੰ ਗੁਰਬਾਣੀ ਪੜ੍ਹਨੀ ਤੇ ਸੁਣਨੀ ਚਾਹੀਦੀ ਹੈ।

ਗੁਰਤਾਗੱਦੀ 'ਤੇ ਬਿਰਾਜਮਾਨ ਹੋਣ ਤੋਂ ਕੁਝ ਸਮਾਂ ਬਾਅਦ ਮਸੰਦਾਂ ਤੇ ਮੀਣਿਆਂ ਨੇ ਗੁਰੂ ਸਾਹਿਬ ਦਾ ਵਿਰੋਧ ਕੀਤਾ। ਔੜ ਨਾਲ ਭਾਰੀ ਕਾਲ ਪੈ ਗਿਆ, ਜਿਸ ਕਾਰਨ ਲੋਕ ਰੋਟੀ ਤੋਂ ਆਤੁਰ ਹੋ ਗਏ। ਪੇਟ ਦੀ ਭੁੱਖ ਨੇ ਲੋਕਾਂ ਨੂੰ ਦਰ-ਦਰ ਦੇ ਧੱਕੇ ਖਾਣ ਲਈ ਮਜਬੂਰ ਕਰ ਦਿੱਤਾ। ਗੁਰੂ ਸਾਹਿਬ ਜੀ ਨੇ ਗੁਰੂ-ਘਰ ਦੀ ਪ੍ਰੰਪਰਾ ਅਨੁਸਾਰ ਦੁਖੀਆਂ ਦੀ ਤਨ-ਮਨ-ਧਨ ਨਾਲ ਸੇਵਾ ਕੀਤੀ। ਇਥੋਂ ਤੱਕ ਕਿ ਪੰਜਾਬ ਤੋਂ ਬਾਹਰ ਵਸਦੇ ਗੁਰਸਿੱਖਾਂ, ਗੁਰੂ-ਘਰ ਦੇ ਪ੍ਰੀਤਵਾਨਾਂ ਨੂੰ ਵੀ ਪ੍ਰੇਰ ਕੇ ਦੁਖੀ ਮਾਨਵਤਾ ਦੀ ਸੇਵਾ ਕੀਤੀ ਤੇ ਕਰਵਾਈ। ਸਤਿਗੁਰੂ ਜੀ ਨੇ ਭੁੱਖਿਆਂ ਲਈ ਲੰਗਰ, ਬਿਮਾਰਾਂ ਲਈ ਸ਼ਫ਼ਾਖਾਨੇ ਖੋਲ੍ਹ ਦਿੱਤੇ। ਸਤਿਗੁਰੂ ਜੀ ਵੱਲੋਂ ਮਨੁੱਖ ਜਾਤੀ ਦੇ ਕਲਿਆਣਕਾਰੀ ਕਾਰਜਾਂ ਨੂੰ

ਤੱਕ ਕੇ 'ਦਾਰਾ ਸ਼ਿਕੋਹ' ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਕੇ ਲੰਗਰ ਵਾਸਤੇ ਜਾਗੀਰ ਦੇਣੀ ਚਾਹੀ ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਗੁਰੂ ਹਰਿਰਾਇ ਸਾਹਿਬ ਜੀ ਦੀ ਮਹਿਮਾ ਸੁਣ 'ਸ਼ਾਹ-ਰੂਮੀ' ਜਦ ਹਿੰਦੁਸਤਾਨ ਦੀ ਸੈਰ ਕਰਨ ਆਇਆ ਤਾਂ ਗੁਰੂ ਦਰਸ਼ਨਾਂ ਲਈ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ। ਗੁਰੂ ਦਰਬਾਰ ਵਿਚ ਹਮੇਸ਼ਾ ਵੱਡੇ-ਛੋਟੇ ਨਾਲ, ਬਿਨਾਂ ਕਿਸੇ ਜਾਤੀ ਜਾਂ ਖੇਤਰੀ ਵਿਤਕਰੇ ਦੇ, ਬਰਾਬਰ ਸਲੂਕ ਕੀਤਾ ਜਾਂਦਾ ਹੈ। ਗੁਰੂ ਜੀ ਨੇ ਕੀਰਤਪੁਰ ਦੀ ਧਰਤੀ 'ਤੇ ਇਲਾਜ ਵਾਸਤੇ ਵਰਤੀਆਂ ਜਾਂਦੀਆਂ ਜੜ੍ਹੀਆਂ ਬੂਟੀਆਂ ਦਾ ਬਾਗ ਲਗਵਾਇਆ ਤੇ ਇਕ ਖੋਜ ਕੇਂਦਰ ਸਥਾਪਿਤ ਕੀਤਾ। ਜੇਕਰ ਦਾਰਾ ਸ਼ਿਕੋਹ ਬਿਮਾਰ ਹੋਇਆ ਤਾਂ ਇਲਾਜ ਲਈ ਦਵਾਈਆਂ, ਜੜ੍ਹੀਆਂ-ਬੂਟੀਆਂ ਗੁਰੂ ਦਰਬਾਰ ਵੱਲੋਂ ਭੇਜੀਆਂ ਗਈਆਂ, ਜਿਸ ਨਾਲ ਉਸ ਦਾ ਅਸਾਧ ਰੋਗ ਠੀਕ ਹੋਇਆ। ਜੇਕਰ ਘਰੇਲੂ ਝਗੜੇ ਕਰਕੇ ਦਾਰਾ ਸ਼ਿਕੋਹ ਬਾਦਸ਼ਾਹ ਔਰੰਗਜ਼ੇਬ ਦੀ ਮਾਰ ਤੋਂ ਡਰਦਾ, ਗੁਰੂ ਦਰਬਾਰ ਵਿਚ ਪਹੁੰਚਾ ਤਾਂ ਉਸ ਨੂੰ ਦਰਿਆ ਬਿਆਸ ਪਾਰ ਕਰਵਾਇਆ ਗਿਆ।



ਬਾਦਸ਼ਾਹ ਸ਼ਾਹ ਜਹਾਨ ਦੇ ਆਖਰੀ ਦਿਨਾਂ ਵਿਚ ਪਰਿਵਾਰਕ ਫੁੱਟ ਚਰਮ ਸੀਮਾਂ 'ਤੇ ਪਹੁੰਚ ਚੁੱਕੀ ਸੀ। ਔਰੰਗਜ਼ੇਬ ਨੇ ਬਗ਼ਾਵਤ ਕਰਕੇ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਲਿਆ। ਦਾਰਾ ਸ਼ਿਕੋਹ ਵੀ ਔਰੰਗਜ਼ੇਬ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਜਾਨ ਬਚਾਉਣ ਲਈ ਦਿੱਲੀ ਤੋਂ ਦੌੜ ਗਿਆ। ਦਾਰਾ ਸ਼ਿਕੋਹ ਦਾ ਪਿੱਛਾ ਕਰਦਾ-ਕਰਦਾ ਬਾਦਸ਼ਾਹ ਔਰੰਗਜ਼ੇਬ ਵੀ ਲਾਹੌਰ ਪਹੁੰਚ ਗਿਆ ਪਰ ਦਾਰਾ ਸ਼ਿਕੋਹ ਉਥੋਂ ਵੀ ਅੱਗੇ ਦੌੜ ਗਿਆ। ਔਰੰਗਜ਼ੇਬ ਨੂੰ ਗੁਰੂ-ਘਰ ਦੇ ਵਿਰੋਧੀਆਂ ਨੇ ਸ਼ਿਕਾਇਤ ਕੀਤੀ ਕਿ ਗੁਰੂ ਹਰਿਰਾਇ ਸਾਹਿਬ ਜੀ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ, ਦੂਸਰਾ ਸਿੱਖਾਂ ਦੀ ਵਧ ਰਹੀ ਸ਼ਕਤੀ ਤੋਂ ਔਰੰਗਜ਼ੇਬ ਚਿੰਤਤ ਸੀ। ਇਸ ਲਈ ਬਾਦਸ਼ਾਹ ਨੇ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਲੀ ਆਉਣ ਦਾ ਸੱਦਾ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ, ਆਪਣੀ ਥਾਵੇਂ ਆਪਣੇ ਵੱਡੇ ਸਪੁੱਤਰ ਬਾਬਾ ਰਾਮਰਾਇ ਨੂੰ ਭੇਜਿਆ। ਜਾਣ ਤੋਂ ਪਹਿਲਾਂ ਗੁਰੂ ਜੀ ਨੇ ਉਸ ਨੂੰ ਹਦਾਇਤ ਕੀਤੀ ਕਿ ਗੁਰੂ ਆਸਰੇ ਰਹਿਣਾ ਅਤੇ ਗੁਰੂ ਆਸ਼ੇ ਵਿਰੁੱਧ ਕੋਈ ਗੱਲਬਾਤ ਨਹੀਂ ਕਰਨੀ। ਬਾਬਾ ਰਾਮਰਾਇ ਬਹੁਤ ਹੀ ਵਿਦਵਾਨ ਤੇ ਹਾਜ਼ਰ ਜਵਾਬ ਸਨ। ਦਿੱਲੀ ਜਾ ਕੇ ਉਨ੍ਹਾਂ ਬਾਦਸ਼ਾਹ ਔਰੰਗਜ਼ੇਬ ਦੇ ਹਰ ਸਵਾਲ ਦਾ ਜਵਾਬ ਤਸੱਲੀਬਖ਼ਸ਼ ਦਿੱਤਾ।

ਬਾਦਸ਼ਾਹ ਬਹੁਤ ਪ੍ਰਭਾਵਿਤ ਹੋਇਆ, ਪਰ ਜਦ ਔਰੰਗਜ਼ੇਬ ਨੇ ਬਾਬਾ ਰਾਮਰਾਇ ਤੋਂ ਗੁਰਬਾਣੀ ਦੀ ਪਾਵਨ ਪੰਗਤੀ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ...' ਦੇ ਅਰਥ ਪੁੱਛੇ ਤਾਂ ਰਾਮਰਾਇ ਨੇ ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਕਿਹਾ ਕਿ ਸ਼ਬਦ 'ਮੁਸਲਮਾਨ' ਨਹੀਂ; 'ਬੇਈਮਾਨ' ਹੈ, ਪਰ ਕਾਤਿਬ ਦੀ ਗ਼ਲਤੀ ਨਾਲ ਮੁਸਲਮਾਨ ਲਿਖਿਆ ਗਿਆ।

ਬਾਬਾ ਰਾਮਰਾਇ ਜੀ ਨੇ ਅਜਿਹਾ ਕਰਕੇ ਬਾਦਸ਼ਾਹ ਦੀ ਖ਼ੁਸ਼ੀ ਤਾਂ ਹਾਸਲ ਕਰ ਲਈ ਪਰ ਗੁਰੂ ਦਰਬਾਰ ਤੋਂ ਹਮੇਸ਼ਾ ਲਈ ਦੂਰ ਹੋ ਗਿਆ, ਕਿਉਂਕਿ ਜਦ ਗੁਰੂ ਹਰਿਰਾਇ ਸਾਹਿਬ ਜੀ ਨੂੰ ਇਸ ਵਾਰਤਾ ਦਾ ਪਤਾ ਲੱਗਾ ਤਾਂ ਉਨ੍ਹਾਂ ਕਹਿ ਭੇਜਿਆ ਕਿ 'ਤੁਸਾਂ ਸਾਡੇ ਮੱਥੇ ਨਹੀਂ ਲੱਗਣਾ, ਤੁਸਾਂ ਦੁਨਿਆਵੀ ਵਡਿਆਈ ਖਾਤਰ ਇਲਾਹੀ ਬਾਣੀ ਦਾ ਨਿਰਾਦਰ ਕੀਤਾ ਹੈ।'

ਆਪਣਾ ਅੰਤਿਮ ਸਮਾਂ ਨੇੜੇ ਆਇਆ ਜਾਣ ਕੇ ਗੁਰੂ ਜੀ ਨੇ ਗੁਰਿਆਈ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸੌਂਪ ਦਿੱਤੀ। ਆਪ ਜੀ 6 ਅਕਤੂਬਰ, 1661 ਈ: ਨੂੰ ਕੀਰਤਪੁਰ ਹੀ ਜੋਤੀ ਜੋਤਿ ਸਮਾ ਗਏ। ਹਰ ਗੁਰਸਿੱਖ ਅਰਦਾਸ ਦੇ ਇਹ ਬੋਲ ਪੜ੍ਹ-ਸੁਣ ਕੇ 'ਸਿਮਰੌ ਸ੍ਰੀ ਹਰਿਰਾਇ', ਗੁਰੂ ਦੀ ਸ਼ਰਧਾ ਸਤਿਕਾਰ ਭੇਟ ਕਰਦਾ ਹੋਇਆ ਉਨ੍ਹਾਂ ਦੇ ਜੀਵਨ ਦਰਸ਼ਨ ਤੋਂ ਸਿੱਖਿਆ ਪ੍ਰਾਪਤ ਕਰਦਾ ਹੈ।

3 ਫਰਵਰੀ ਨੂੰ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਸੰਗਤਾਂ ਨੇ ਗੁਰਦੁਆਰਾ ਸਾਹਿਬ ਵਿਚ ਪਹੁੰਚ ਕੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ। ਗੁਰੂ ਘਰ ਦੇ ਗ੍ਰੰਥੀ ਸਿੰਘਾਂ ਵੱਲੋਂ ਸੰਗਤਾਂ ਨੂੰ ਬੇਨਤੀ ਕੀਤੀ ਗਈ ਕਿ ਆਓ ਹਰ ਪ੍ਰਾਣੀ ਦੀ ਆਪਣੀ ਲੋੜ ਅਨੁਸਾਰ ਮੱਦਦ ਕਰੀਏ ਅਤੇ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲ ਕੇ ਜੀਵਨ ਸਫਲਾ ਕਰੀਏ।

# ਸਾਕਾ ਸ੍ਰੀ ਨਨਕਾਣਾ ਸਾਹਿਬ

**ਪਾਂਧੀ ਨਨਕਾਣਵੀ**



ਸਾਕਾ ਸ੍ਰੀ ਨਨਕਾਣਾ ਸਾਹਿਬ ਫਰਵਰੀ, ੧੯੨੧ ਈ. ਨੂੰ ਗੁਰਦੁਆਰਾ ਜਨਮ ਅਸਥਾਨ ਅੰਦਰ ਵਾਪਰਿਆ। ਭਾਈ ਲਛਮਣ ਸਿੰਘ 'ਧਾਰੋਵਾਲੀ' ਕੋਈ ਦੋ ਕੁ ਸੌ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਅੰਦਰ ਪੁੱਜਿਆ। ਇਸ ਦਾ ਮੁੱਖ ਕਾਰਨ ਗੁਰਦੁਆਰਾ ਜਨਮ ਅਸਥਾਨ ਨੂੰ ਬਦਮਾਸ਼ ਤੇ ਅਯਾਸ਼ ਮਹੰਤ ਦੇ ਕਬਜ਼ੇ 'ਚੋਂ ਛੁਡਵਾਉਣਾ ਅਤੇ ਗੁਰਦੁਆਰਾ ਸਾਹਿਬ ਪਵਿੱਤਰਤਾ ਨੂੰ ਬਹਾਲ ਕਰਨਾ ਸੀ। ਪਰੰਤੂ ਮਹੰਤ ਨਰਾਇਣ ਦਾਸ ਨੇ ਮਿਸਟਰ ਕਰੀ, (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ ਲਾਹੌਰ ਡਿਵੀਜ਼ਨ) ਦੀ ਸ਼ਹਿ 'ਤੇ, ਜਨਮ-ਅਸਥਾਨ ਅੰਦਰ ਪੁੱਜੇ ਗੁਰਸਿੱਖਾਂ ਦਾ ਗੋਲੀਆਂ ਨਾਲ ਸਵਾਗਤ ਕੀਤਾ ਤੇ ਕੁਝ ਸਮੇਂ ਵਿਚ ਹੀ ਪਵਿੱਤਰ ਜਨਮ-ਅਸਥਾਨ ਦੀ ਧਰਤੀ ਨੂੰ ਕਰਬਲਾ ਦਾ ਮੈਦਾਨ ਬਣਾ ਕੇ ਰੱਖ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੀਨਾ ਵੀ ਗੋਲੀਆਂ ਨਾਲ ਛਲਣੀ-ਛਲਣੀ ਕੀਤਾ ਗਿਆ ਅਤੇ ਜਥੇ ਦੇ ਜਥੇਦਾਰ, ਭਾਈ ਲਛਮਣ ਸਿੰਘ ਨੂੰ, ਦਰਬਾਰ ਸਾਹਿਬ ਦੇ ਪਿਛਵਾੜੇ ਜੰਡ ਦੇ ਦਰਖ਼ਤ ਨਾਲ ਟੰਗ ਕੇ ਤੇ ਤੇਲ ਪਾ ਕੇ ਜਿਊਂਦਾ ਹੀ ਸਾੜ ਦਿੱਤਾ। ਮਹੰਤ ਨਰਾਇਣ ਦਾਸ ਦੇ ਜ਼ਰਖ਼ਰੀਦ ਬਦਮਾਸ਼ਾਂ ਤੇ ਪਠਾਣਾਂ ਨੇ ਨਿਹੱਥੇ ਅਤੇ 'ਅਰਦਾਸ' ਵਿਚ ਕੀਤੇ ਪ੍ਰਣ ਨਾਲ ਬੱਝੇ ਸੂਰਬੀਰ, ਤੇ ਨੌਜਵਾਨ ਸਿੰਘਾਂ ਦੇ ਜੀਅ-ਭਰ ਕੇ ਮੋਛੇ ਲਾਹੇ, ਤੇ ਵੱਡੇ ਵੱਡੇ ਭੱਠ ਬਾਲ ਕੇ, ਉਹਨਾਂ ਦੀਆਂ ਦੇਹਾਂ ਦੇ ਅੰਗਾਂ ਨੂੰ ਸਾੜ ਕੇ ਇਸ 'ਕਤਲੇ-ਆਮ' ਦਾ ਨਾਮੋ ਨਿਸ਼ਾਨ ਮਿਟਾਉਣ ਦੇ ਅਸਫਲ ਯਤਨ ਕੀਤੇ।

ਸਮੁੱਚੇ ਦੇਸ਼, ਵਿਸ਼ੇਸ਼ ਕਰਕੇ ਸਿੱਖ ਜਗਤ ਵਿਚ ਹਾ-ਹਾ ਕਾਰ ਮੱਚ ਗਈ ਤੇ ਕਈ ਹਜ਼ਾਰਾਂ ਸਿੱਖ ਸ੍ਰੀ ਨਨਕਾਣਾ ਸਾਹਿਬ ਪੁੱਜ ਗਏ। ਸਪੱਸ਼ਟ ਸੀ ਕਿ ਇਤਨਾ ਕਹਿਰ ਇਕੱਲਾ ਮਹੰਤ ਨਹੀਂ ਸੀ ਕਰ ਸਕਦਾ, ਇਸ ਵਿਚ ਅੰਗਰੇਜ਼ ਹਾਕਮਾਂ ਦੀ ਮਿਲੀ-ਭੁਗਤ ਕੰਮ ਕਰਦੀ ਸੀ। ਪਹਿਲਾਂ ਹਾਕਮਾਂ ਨੇ ਗੁਰਦੁਆਰਾ ਜਨਮ-ਅਸਥਾਨ ਫੌਜ ਦੇ ਹਵਾਲੇ ਕਰ ਦਿੱਤਾ। ਬਾਅਦ ਵਿਚ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਭਾਈ ਕਰਤਾਰ ਸਿੰਘ 'ਝੱਬਰ' ਦੇ ਲਲਕਾਰਨ ਉਪਰੰਤ ਸਿੱਖ-ਪੰਥ ਦੇ ਹਵਾਲੇ ਕਰ ਦਿੱਤੀਆਂ। ੨੦ ਫਰਵਰੀ ਦੀ ਰਾਤ ਨੂੰ ਹੀ ਸਿੱਖਾਂ ਵਰਗੀ ਸਿੱਧੜ ਕੌਮ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਆਪਣੇ ਚਹੇਤੇ ਮਹੰਤ, ਹਰੀ ਨਾਥ ਸਾਧ ਤੇ ੨੬ ਪਠਾਣਾਂ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਦੀ ਸੈਂਟਰਲ ਜੇਲ੍ਹ ਭਿਜਵਾ ਦਿੱਤਾ ਗਿਆ ਤਾਂ ਜੋ ਸਿੱਖ-ਹਿਰਦਿਆਂ ਨੂੰ ਸ਼ਾਂਤ ਕੀਤਾ ਜਾ ਸਕੇ। ਦੇਸ਼ ਭਰ ਦੇ ਪ੍ਰਮੁੱਖ ਹਿੰਦੂ ਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਨੇ ਇਕ ਆਵਾਜ਼ ਹੋ ਕੇ ਅੰਗਰੇਜ਼ ਰਾਜ ਦੇ ਬਖ਼ੀਏ ਉਧੇੜੇ ਅਤੇ ਮੰਗ ਕੀਤੀ ਕਿ ਮਹੰਤ ਨਰਾਇਣ ਦਾਸ ਅਤੇ ਉਸ ਦੇ ਜ਼ਰਖ਼ਰੀਦ ਗੁੰਡਿਆਂ ਤੋਂ ਇਲਾਵਾ, ਮਿ. ਕਰੀ (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ) ਉੱਤੇ ਵੀ ਮੁਕੱਦਮਾ ਚਲਾਇਆ ਜਾਏ, ਜਿਨ੍ਹਾਂ ਦੀ ਉਤੇਜਨਾ ਉੱਤੇ ਇਤਨਾ ਵੱਡਾ 'ਸਾਕਾ' ਵਰਤਿਆ ਸੀ।

੩ ਮਾਰਚ, ੧੯੨੧ ਨੂੰ ਮਹਾਤਮਾ ਗਾਂਧੀ ਵੀ ਸ੍ਰੀ ਨਨਕਾਣਾ ਸਾਹਿਬ ਪਹੁੰਚੇ। ਉਹ ਰੇਲਵੇ ਸਟੇਸ਼ਨ ਤੋਂ ਪੈਦਲ ਹੀ ਸੰਗਤਾਂ ਨਾਲ ਗੁਰਦੁਆਰਾ ਜਨਮ-ਅਸਥਾਨ ਪਹੁੰਚੇ। ਗੁਰੂ ਬਾਬੇ ਦੇ ਪਵਿੱਤਰ ਦਰਬਾਰ ਅੱਗੇ ਸੀਸ ਝੁਕਾਇਆ ਅਤੇ ਫਿਰ ਸਮੁੱਚੀ ਪ੍ਰਕਰਮਾ ਦਾ ਜਾਇਜ਼ਾ ਲਿਆ। ਫਰਸ਼ 'ਤੇ ਖ਼ੂਨ ਦੇ ਨਿਸ਼ਾਨ 'ਜੰਡ' ਦਾ ਧੁਆਂਖਿਆ ਹੋਇਆ ਤਨਾ, ਦਰਬਾਰ ਸਾਹਿਬ ਦੇ ਟੁੱਟੇ ਫੁੱਟੇ ਕਿਵਾੜ। ਫਿਰ ਸਜੇ ਹੋਏ ਦੀਵਾਨ ਵਿਚ ਬੋਲਦਿਆਂ ਹੋਇਆਂ ਆਪ ਨੇ ਸਾਕੇ ਨੂੰ 'ਡਾਇਰਸ਼ਾਹੀ ਦੀ ਦੂਜੀ ਐਡੀਸ਼ਨ' ਕਰਾਰ ਦਿੱਤਾ। ਆਪ ਨੇ ਆਪਣੇ ਭਾਸ਼ਣ ਵਿਚ ਹਾਕਮਾਂ ਪਾਸੋਂ ਪੁੱਛ ਕੀਤੀ ਕਿ ਜਦੋਂ ਮਹੰਤ ਜੱਥੇ ਦੇ ਸਿੱਖਾਂ ਨੂੰ ਮਾਰ-ਮੁਕਾਉਣ ਦੀ ਇਤਨੀ ਵੱਡੀ ਤਿਆਰੀ ਕਰ ਰਿਹਾ ਸੀ, ਤਾਂ ਹਾਕਮਾਂ ਨੇ ਕਿਉਂ ਨਾ ਮਹੰਤ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ? ਆਪ ਨੇ ਸਪੱਸ਼ਟ ਕਿਹਾ ਕਿ ਇਤਨਾ ਵੱਡਾ ਕਰਮ ਇਕੱਲਾ ਮਹੰਤ ਨਹੀਂ ਸੀ ਵਰਤਾ ਸਕਦਾ। ਇਹ ਸਭ ਹਾਕਮਾਂ ਦੀ ਮਿਲੀ-ਭੁਗਤ ਦਾ ਨਤੀਜਾ ਸੀ। ਸਿੱਖ ਅਕਾਲੀ ਇਹ ਮੰਗ ਕਰਦ ਰਹੇ ਸਨ ਕਿ ਇਸ ਸੰਬੰਧ ਵਿਚ ਦੋ ਮੁਕੱਦਮੇ ਬਣਾਏ ਜਾਣ- ਇਕ ਮਹੰਤ ਅਤੇ ਉਸ ਦੇ ਕਰਿੰਦੇ ਕਾਤਲਾਂ ਦੇ ਬਰਖ਼ਿਲਾਫ, ਦੂਜਾ ਮਿ. ਕਰੀ ਅਤੇ ਮਿ. ਕਿੰਗ ਦੇ ਬਰਖ਼ਿਲਾਫ ਜਿਨ੍ਹਾਂ ਨੇ ਇਹ ਸਾਕਾ ਵਰਤਾਉਣ ਵਿਚ ਮਹੰਤ ਨਰਾਇਣ ਦਾਸ ਦੀ ਅੱਖਾਂ ਮੀਟ ਕੇ ਸਹਾਇਤਾ ਕੀਤੀ ਸੀ। ਇਸ ਰੋਲੇ-ਗੋਲੇ ਵਿਚ ਮਿ. ਕਰੀ ਨੂੰ ਤਾਂ ਛੁੱਟੀ ਦੇ ਦਿੱਤੀ ਗਈ। ਪਰੰਤੂ ਮਿ. ਕਿੰਗ ਨੂੰ ਅਦਾਲਤ ਦੇ ਕਟਿਹੜੇ ਵਿਚ

ਖੜ੍ਹਾ ਕਰਨ ਦੀ ਥਾਂ ਹਿੰਦ-ਸਰਕਾਰ ਵੱਲੋਂ, ਪੰਜਾਬ ਸਰਕਾਰ ਦਾ ਚੀਫ਼ ਸੈਕਟਰੀ ਨਿਯੁਕਤ ਕਰ ਦਿੱਤਾ ਗਿਆ, ਤਾਂ ਜੋ ਉਹ ਮਹੰਤ ਨਰਾਇਣ ਦਾਸ ਦੇ ਮੁਕੱਦਮੇ ਉੱਤੇ ਅਸਰ ਅੰਦਾਜ਼ ਹੋ ਸਕੇ। ਫਿਰ ਮਿ. ਕੰਗ ਨੇ ਉਹ ਸਮੁੱਚੀਆਂ ਲੂੰਬੜ -ਚਾਲਾਂ ਦਾ ਸਹਾਰਾ ਲਿਆ, ਜਿਸ ਰਾਹੀਂ ਮਹੰਤ ਨੂੰ ਫਾਂਸੀ ਦੇ ਫੰਧੇ ਤੋਂ ਬਚਾਇਆ ਜਾ ਸਕੇ। ਪੰਜਾਬ ਸਰਕਾਰ ਨੇ ਮਿ. ਡੇਵਿਡ ਪੈਟਰੀ, ਡੀ.ਆਈ.ਜੀ. (ਜਸੂਸੀ ਵਿਭਾਗ) ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਇਹ ਉਹੀ ਬਦਨਾਮ ਉੱਚ ਅਧਿਕਾਰੀ ਸੀ ਜਿਸ ਨੇ ਬਜ-ਬਜ ਘਾਟ, ਕਲਕੱਤੇ ਦੇ 'ਕਾਮਾ-ਗਾਟਾ ਮਾਰੂ ਜਹਾਜ਼ ਦੇ ਨਿਹੱਥੇ ਮੁਸਾਫਿਰਾਂ 'ਤੇ ਗੋਲੀ ਚਲਾਉਣ ਵਿਚ ਸਹਾਇਤਾ ਕੀਤੀ ਸੀ ਅਤੇ ੧੯੧੫ ਦੇ ਪਹਿਲੇ ਕ੍ਰਾਂਤੀਕਾਰੀ ਅੰਦੋਲਨ ਨੂੰ ਕੁਚਲਣ ਵਿਚ ਹਿੰਦ-ਸਰਕਾਰ ਦਾ ਸਹਾਇਕ ਬਣਿਆ। ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਦਾ ਇਕ ਨਵਾਂ ਦੌਰ ਚਲਾ ਦਿੱਤਾ ਤਾਂ ਜੋ ਮੌਕੇ ਦੇ ਗਵਾਹਾਂ ਦੇ ਬਿਆਨਾਂ ਨੂੰ ਆਪਣੇ ਹੱਕ ਵਿਚ ਕੀਤਾ ਜਾ ਸਕੇ, ਅਤੇ ਸਾਕੇ ਪਿੱਛੋਂ ਜੋ ਅਕਾਲੀਆਂ ਦੀ ਚੜ੍ਹ ਮੱਚੀ ਸੀ, ਉਸ ਤਾਕਤ ਨੂੰ ਤੋੜਿਆ ਜਾ ਸਕੇ। ਸਾਕੇ ਦੇ ਪੰਦਰਾਂ ਕੁ ਦਿਨਾਂ ਪਿੱਛੋਂ ਹੀ (੧੫ ਮਾਰਚ) ਅਕਾਲੀਆਂ ਨੂੰ ਇਹ ਇਨਸਾਫ ਦਿੱਤਾ ਗਿਆ ਕਿ ਉਲਟਾ ਉਹਨਾਂ ਦੇ ਹੀ ਆਗੂਆਂ ਨੂੰ ਫੜ ਫੜ ਕੇ ਜੇਹਲੀਂ ਸੁੱਟ ਦਿੱਤਾ ਗਿਆ। ਕੋਈ ੧੦੦ ਦੇ ਕਰੀਬ ਪ੍ਰਸਿੱਧ ਅਕਾਲੀ ਗ੍ਰਿਫ਼ਤਾਰ ਕਰ ਲਏ ਗਏ। ਭਾਈ ਕਰਤਾਰ ਸਿੰਘ 'ਝੱਬਰ' ਨੂੰ ਸ੍ਰੀ ਨਨਕਾਣਾ ਸਾਹਿਬ ਤੇ ਗੁਰਦੁਆਰਾ 'ਕਿਆਰਾ ਸਾਹਿਬ' ਤੋਂ ਸਣੇ ਉਨ੍ਹਾਂ ਦੇ ਜੱਥੇ ਦੇ, ਗ੍ਰਿਫ਼ਤਾਰ ਕਰ ਲਿਆ ਗਿਆ। ਲਾਹੌਰ ਵਿਚ, ਸਪੈਸ਼ਲ ਤੇ ਐਡੀਸ਼ਨਲ ਜੱਜ, ਮਿ. ਜੇ. ਈ. ਕਿਊ ਦੀ ਅਦਾਲਤ ਵਿਚ ਫੜੇ ਗਏ ਅਕਾਲੀਆਂ ਵਿਰੁੱਧ ਡਾਕੇ ਮਾਰਨ, ਘਰ ਭੰਨਣ ਆਦਿ ਝੂਠੇ ਮੁਕੱਦਮੇ ਚਲਾਏ ਗਏ ਅਤੇ ਜਿਤਨੀ ਸਜ਼ਾ ਇਹ ਅਦਾਲਤ ਦੇ ਸਕਦੀ ਸੀ, ਦਿੱਤੀ। ਮਿਸਾਲ ਦੇ ਤੌਰ 'ਤੇ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ੯ ਸਾਲ ਕੈਦ ਲਾਹੌਰ ਸਿੰਘ ਨੂੰ ੯ ਸਾਲ ਤੇ ਭਾਈ ਕਰਤਾਰ ਸਿੰਘ 'ਝੱਬਰ' ਨੂੰ ੧੮ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਇਹ ਸਜ਼ਾਵਾਂ ਸੁਣ ਕੇ ਫਿਰ ਸਮੁੱਚੇ ਪੰਥ ਵਿਚ ਹਾ-ਹਾ ਕਾਰ ਮੱਚ ਗਈ। ਪਰੰਤੂ ਕੁਝ ਸਮੇਂ ਪਿੱਛੋਂ ਹੀ ਭਾਈ ਕਰਤਾਰ ਸਿੰਘ 'ਝੱਬਰ' ਆਦਿ ਆਗੂ ਸਰਕਾਰ ਦੀਆਂ ਸ਼ਰਤਾਂ 'ਤੇ ਰਿਹਾਅ ਹੋ ਕੇ ਆ ਗਏ। ਅਕਾਲੀ ਤਹਿਰੀਕ ਦੀ ਰੀੜ੍ਹ ਦੀ ਹੱਡੀ ਤੋੜਨ ਲਈ ਪੰਜਾਬ ਸਰਕਾਰ ਨੇ ਹਰ ਹੀਲਾ ਵਰਤਿਆ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਸਿੱਖਾਂ, ਵਿਸ਼ੇਸ਼ ਕਰਕੇ ਅਕਾਲੀਆਂ ਵਿਰੁੱਧ, ਆਪਣੀਆਂ ਪ੍ਰਾਪੇਗੰਡਾ ਏਜੰਸੀਆਂ ਰਾਹੀਂ ਭੜਕਾਉਣਾ ਚਾਹਿਆ, ਤਾਂ ਜੋ ਇਹ ਕੌਮਾਂ ਆਪਸ ਵਿਚ ਲੜ ਮਰਨ ਅਤੇ ਇਉਂ ਅਕਾਲੀ ਲਹਿਰ ਦੀ ਪਵਿੱਤਰਤਾ ਨੂੰ ਦਾਗ਼ਦਾਰ ਕੀਤਾ ਜਾ ਸਕੇ। ਪਰੰਤੂ, ਸ੍ਰੋ. ਕਮੇਟੀ ਦੇ ਪ੍ਰਾਪੇਗੰਡਾ ਕਮੇਟੀ ਦੇ ਇੰਚਾਰਜ ਤੇ ਪ੍ਰਸਿੱਧ ਨੀਤੀਵਾਨ, ਸ੍. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ ਸਰਕਾਰ ਦੇ ਇਸ ਨਵੇਂ ਪੈਂਤੜੇ ਨੂੰ ਨਾ-ਕਾਮ ਬਣਾ ਕੇ ਰੱਖ ਦਿੱਤਾ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਦੇ ਐਡੀਟਰਾਂ ਨੂੰ ਖ਼ੁਦ ਸ੍ਰੀ ਨਨਕਾਣਾ ਸਾਹਿਬ ਜਾ ਕੇ ਪੁੱਛ-ਪੜਤਾਲ ਕਰਨ ਦਾ ਸੱਦਾ ਦਿੱਤਾ। ਇੰਝ ਪੁੱਛ-ਪੜਤਾਲ ਪਿੱਛੋਂ, ਸੱਯਦ ਹਬੀਬ, ਐਡੀਟਰ 'ਸਿਆਸਤ' ਨੇ ਕਿਹਾ - ਅਕਾਲੀ ਜੱਥਿਆਂ ਦੇ ਮੈਂਬਰ ਪਾਕ ਆਦਮੀ ਹਨ। ਉਹਨਾਂ ਦੀ ਪਿਛਲੀ ਜ਼ਿੰਦਗੀ ਕੁਝ ਵੀ ਹੋਏ, ਉਹ ਹੁਣ ਧਾਰਮਿਕ ਜਜ਼ਬੇ ਤੋਂ ਪੈਦਾ ਹੋਏ ਜੋਸ਼ ਨਾਲ ਉਤਸ਼ਾਹਤ ਹਨ।

੧੧ ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਵਿਚ ਹਿੰਦੂਆਂ ਦੀ ਇਕ ਸਾਂਝੀ ਮੀਟਿੰਗ ਨੇ ਮਤਾ ਪਾਸ ਕੀਤਾ -"ਜਿਸ ਵਕਤ ਤੋਂ ਨਨਕਾਣੇ ਵਿਚ ਸਿੱਖ ਆਏ ਹਨ, ਉਹਨਾਂ ਦਾ ਹਿੰਦੂਆਂ, ਮੁਸਲਮਾਨਾਂ ਨਾਲ ਸਲੂਕ ਹਮਦਰਦੀ ਭਰਿਆ ਤੇ ਸ਼ਲਾਘਾ-ਯੋਗ ਹੈ। ਉਹ ਦੂਜਿਆਂ ਦੇ ਧਰਮਾਂ ਚਿ ਕੋਈ ਦਖ਼ਲ ਨਹੀਂ ਦੇਂਦੇ। ਅਸੀਂ ਦੁਸ਼ਮਣ ਵੱਲੋਂ ਫੈਲਾਈਆਂ ਕੂੜੀਆਂ ਅਫਵਾਹਾਂ ਦੀ ਪੁਰਜ਼ੋਰ ਤਰਦੀਦ ਕਰਦੇ ਹਾਂ।"

ਅਤੇ ਹੰਸ ਰਾਜ (ਬੈਰਿਸਟਰ, ਜਲੰਧਰ) ਨੇ ਕਿਹਾ ਕਿ ਅਸੀਂ ਉਸ ਬੰਧੇਜ ਤੇ ਸ਼ਾਂਤੀ ਦੀ ਜਿਹੜੀ ਖ਼ਾਲਸੇ ਨੇ ਦਿਖਾਈ, ਤਾਰੀਫ ਕਰਨ ਲਈ ਮਜ਼ਬੂਰ ਹੋਏ ਆਂ।

ਪਰੰਤੂ ਇਸ ਮੁੱਦੇ 'ਤੇ ਅੰਗਰੇਜ਼ ਹਾਕਮਾਂ ਨੂੰ ਮੂੰਹ ਦੀ ਖਾਣੀ ਪਈ। ਸ਼੍ਰੋਮਣੀ ਕਮੇਟੀ ਵਿਚ ਸ੍. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ੀ ਸਰਕਾਰ ਨਾਲ ਨਾ ਮਿਲਵਰਤਣ ਦਾ ਮਤਾ, ੧੧ ਮਈ, ੧੯੨੧ ਨੂੰ ਪੇਸ਼ ਕੀਤਾ, ਜਿਸ 'ਤੇ ਚੀਫ ਖਾਲਸਾ ਦੀਵਾਨ ਨਾਲ ਸੰਬੰਧਿਤ ਕਮੇਟੀ ਦੇ ਪ੍ਰਧਾਨ. ਸ੍. ਹਰਬੰਸ ਸਿੰਘ 'ਅਟਾਰੀ' ਅਤੇ ਪ੍ਰੋ. ਜੋਧ ਸਿੰਘ ਆਦਿ ਅਸਤੀਫੇ ਦੇ ਗਏ ਅਤੇ ਮਤਾ ਪਾਸ ਹੋ ਗਿਆ। ਇਹ ਲੋਕ ਅੰਗਰੇਜ਼ ਹਾਕਮਾਂ ਨਾਲ ਵਿਗਾੜ ਪੈਦਾ ਕਰਨ ਦੇ ਹੱਕ ਵਿਚ ਨਹੀਂ ਸਨ ਅਤੇ ਹਾਕਮਾਂ ਨਾਲ ਮਿਲਵਰਤਨ ਕਰ ਕੇ ਸਿੱਖ ਕੌਮ ਲਈ ਰਿਆਇਤਾਂ ਲੈਣੀਆਂ ਚਾਹੁੰਦੇ ਸਨ। ਇਹਨਾਂ ਉਪਰੋਕਤ ਹਾਲਤਾਂ ਵਿਚ ਹੇਠਲੀ ਅਦਾਲਤ ਨੇ ਮਹੰਤ ਨਰਾਇਣ ਦਾਸ, ਹਰੀ ਨਾਥ ਜੋਗੀ, ਮਹੰਤ ਰਿਹਾਣਾ ਆਦਿ ਨੂੰ ਮੌਤ ਦੀ ਸਜ਼ਾ ਸੁਣਾਈ। ਪੰ੍ਰਤੂ ਮਹੰਤ ਨਰਾਇਣ ਦਾਸ ਨੇ ਆਪਣਏ ਕੇਸ ਦੀ ਪੈਰਵੀ ਲਈ, ਹਾਈ ਕੋਰਟ ਵਿਚ ਅਪੀਲ ਦਾਇਰ ਕਰ ਦਿੱਤੀ ਅਤੇ ਹੱਸਨ ਇਮਾਮਾ ਨਾਂ ਦੇ ਵਕੀਲ ਨੂੰ ਪੈਰਵੀ ਲਈ 'ਪਟਨੇ' ਤੋਂ ਬੁਲਾਇਆ। ਵਕੀਲ ਨੇ ਅਦਾਲਤ ਦੇ ਰੂ-ਬ-ਰੂ ਮਹੰਤ ਅਤੇ ਉਸ ਦੇ ਚਾਟੜਿਆਂ ਨੂੰ ਬਚਾਉਣ ਲਈ ਇਸ ਪ੍ਰਕਾਰ ਦੀਆਂ ਦਲੀਲਾਂ ਦਿੱਤੀਆਂ, ਜਿਨ੍ਹਾਂ ਨੂੰ ਪੜ੍ਹ ਸੁਣ ਕੇ ਇਨਸਾਨੀਅਤ ਦਾ ਸਿਰ ਮਾਰੇ ਸ਼ਰਮ ਦੇ ਝੁਕ ਜਾਂਦਾ ਹੈ। ਆਪ ਨੇ ਆਖਿਆ - "ਸਰਕਾਰ ਵੱਲੋਂ ਰੱਖਿਆ ਨਾ ਮਿਲ ਸਕਣ ਕਾਰਨ ਮਹੰਤ ਨੂੰ ਹੱਕ ਪਹੁੰਚਦਾ ਸੀ ਕਿ ਉਹ ਆਪਣੀ ਹਿਫਾਜ਼ਤ ਲਈ ਕਦਮ ਉਠਾਵੇ, ਪਠਾਣਾਂ ਨੂੰ ਪਹਿਰੇਦਾਰ ਰੱਖੇ ਅਤੇ 'ਰਾਂਝੇ' ਅਤੇ 'ਰਿਹਾਣੇ' ਵਰਗੇ ਚੰਗੇ ਲੜਾਕੂ ਬਾਹਰੋਂ ਲਿਆਵੇ।

ਉਹ (ਨਰਾਇਣ ਦਾਸ ਮਹੰਤ) ਬਿਲਾ-ਸ਼ੱਕ ਨਿਰਾਸ਼ਤਾ ਅਤੇ ਮਜ਼ਲੂਮੀਅਤ ਦੇ ਡੂੰਘੇ ਅਹਿਸਾਸਾਂ ਦਾ ਸ਼ਿਕਾਰ ਹੋ ਗਿਆ ਸੀ ਅਤੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਉਸ ਦਾ ਦਿਮਾਗੀ ਸੰਤੁਲਨ ਜਾਂਦਾ ਰਿਹਾ ਅਤੇ ਉਸ ਨੇ ਇਹੋ ਜਿਹਾ ਕਾਰਾ ਕੀਤਾ।"

ਇਹਨਾਂ ਦਲੀਲਾਂ ਦੀ ਬਿਨਾ 'ਤੇ ਅੰਤ ਜੱਜ ਸਾਹਿਬਾਨ ਨੇ ਮਹੰਤ ਨਰਾਇਣ ਦਾਸ ਦੀ ਫਾਂਸ਼ੀ ਦੀ ਸਜ਼ਾ, ਉਮਰ ਕੈਦ ਵਿਚ ਬਦਲ ਦਿੱਤੀ, ਅਤੇ ਮਹੰਤ ਦੇ ਸਹਿਯੋਗੀ ਮੁਲਾਜ਼ਮਾਂ ਜਿਹਾ ਕਿ ਰਾਂਝਾ, ਰਿਹਾਣਾ ਅਤੇ ਹਰੀ ਨਾਥ (ਜੋਗੀ) ਦੀ ਸਜ਼ਾ ਫਾਂਸੀ ਬਰ-ਕਰਾਰ ਰੱਖੀ। ਜੱਜ ਸਾਹਿਬਾਨ ਨੇ ਦੋ ਪਠਾਣਾਂ ਦੀ ਉਮਰ ਕੈਦ ਦੀ ਸਜ਼ਾ ਬਹਾਲ ਰੱਖਦਿਆਂ ਹੋਇਆਂ ਬਾਕੀ ਸਮੂਹ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਪਰੰਤੂ ਰੱਖਿਆ ਨਾ ਦੇਣ ਵਾਲੇ ਹਾਕਮਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ?

# ਜਨਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

**ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ**



**ਕਰਨਲ**
**ਗੁਰਦੀਪ ਸਿੰਘ (ਰਿਟਾ.)**
**ਵਾਇਸ ਪ੍ਰਧਾਨ**
**ਹੈ.ਕੁ.**

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਜਨਵਰੀ 2025 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ. ਸੁਰਜੀਤ ਸਿੰਘ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਜਨਵਰੀ ਮਹੀਨੇ ਦੀ ਕੁੱਲ ਆਮਦਨ- 5,53,924.00/-ਰੁਪਏ

ਜਨਵਰੀ ਮਹੀਨੇ ਦਾ ਕੁੱਲ ਖਰਚਾ - 3,45,077.82/-ਰੁਪਏ

2. **ਜਨਵਰੀ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਮਿਤੀ 14.01.2025 ਨੂੰ ਸੰਗਰਾਂਦ ਬੜੇ ਹੀ ਸ਼ਰਧਾ ਅਤੇ ਪ੍ਰੇਮਭਾਵ ਨਾਲ ਮਨਾਈ ਗਈ। ਇਸ ਸੰਗਰਾਂਦ ਦੀ ਸੇਵਾ ਫ਼ਾਉਂਡੇਸ਼ਨ ਵਲੋਂ ਕੀਤੀ ਗਈ। ਇਸ ਮੌਕੇ ਤੇ ਸਤਿਕਾਰਯੋਗ ਕੀਰਤਨੀ ਜੱਥੇ ਨੇ ਰੱਸਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਤਕਰੀਬਨ 35-40 ਦੀ ਗਿਣਤੀ ਵਿਚ ਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਗੁਰੂ ਘਰ ਦੀ ਖੁਸ਼ੀਆਂ ਪ੍ਰਾਪਤ ਕੀਤੀਆਂ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਡੈਂਟਲ ਕਲੀਨਿਕ ਦਾ ਕੰਮ ਡਾ. ਅਕਸ਼ੇ ਠਾਕੁਰ (M.D.S.) ਚੰਗੇ ਢੰਗ ਨਾਲ ਸੰਭਾਲ ਰਹੇ ਹਨ ਅਤੇ ਵੱਡੀ ਗਿਣਤੀ ਦੇ ਵਿੱਚ ਮਰੀਜ਼ ਡੈਂਟਲ ਦੀਆਂ ਸੇਵਾਵਾਂ ਦਾ ਲਾਭ ਲੈ ਰਹੇ ਹਨ ।

4. **ਸਵਰਗਵਾਸੀ ਪਿਤਾ ਜੀ ਨੂੰ ਸ਼ਰਧਾਂਜਲੀ** - ਸਵਰਗਵਾਸੀ ਸ: ਬਲਵਿੰਦਰ ਸਿੰਘ ਮੁਲਤਾਨੀ ਜੀ ਦੀ ਪੰਜਵੀਂ ਬਰਸੀ ਦੇ ਮੌਕੇ ਤੇ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ, ਚੰਡੀਗੜ੍ਹ ਦੇ ਗੁਰੂ ਘਰ ਵਿਚ 22 ਜਨਵਰੀ 2025 ਨੂੰ ਅਖੰਡ ਪਾਠ ਸਾਹਿਬ ਜੀ ਦੇ ਪਾਠ ਆਰੰਭ ਕੀਤੇ ਗਏ ਅਤੇ ਉਸ ਤੋਂ ਉਪਰੰਤ ਕੀਰਤਨ ਸਰਵਨ ਕੀਤੇ ਗਏ। ਇਸ ਮੌਕੇ ਤੇ ਕੀਰਤਨੀ ਜੱਥੇ ਭਾਈ ਤੇਜਿੰਦਰ ਸਿੰਘ ਜੀ ਅਤੇ ਉਹਨਾਂ ਦੇ ਸਾਥੀਆਂ ਵਲੋਂ ਬਹੁਤ ਹੀ ਰੱਸਭਿੰਨਾ ਕੀਰਤਨ ਕਰਕੇ ਸਮੂਹ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਤੋਂ ਬਾਅਦ ਵਿੱਛੜੀ ਹੋਈ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ ਅਤੇ ਪਰਿਵਾਰ ਵਲੋਂ ਗੁਰੂ ਘਰ ਦੇ ਲੰਗਰ ਲਗਾਏ ਗਏ। ਇਸ ਮੌਕੇ ਤੇ ਤਕਰੀਬਨ 60-70 ਦੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਤੇ ਪਰਿਵਾਰ ਵਲੋਂ 2100/- ਰੁਪਏ ਬ.ਮ.ਸ.ਲ. ਫ਼ਾਉਂਡੇਸ਼ਨ, ਚੰਡੀਗੜ੍ਹ ਨੂੰ ਭੇਟ ਕੀਤੇ ਗਏ।

**5. ਮੈਰਿਟ ਕਮ ਮੀਨਜ਼ ਸਕਾਲਰਸ਼ਿਪ** - ਇਸ ਸਕੀਮ ਦੇ ਅਧੀਨ ਸਕਾਲਰਸ਼ਿਪ ਵਾਸਤੇ ਅਰਜੀ ਫ਼ਾਰਮ ਪਹਿਲੇ ਹੀ ਲੁਬਾਣਾ ਸੇਵਕ ਮੈਗਜ਼ੀਨ ਵਿਚ ਛਾਪਿਆ ਜਾ ਚੁੱਕਿਆ ਹੈ ਅਤੇ ਕਾਫ਼ੀ ਮੈਂਬਰਾਂ ਵਲੋਂ ਅਰਜੀਆਂ ਆ ਚੁੱਕੀਆ ਹਨ। ਇਕ ਵਾਰ ਫ਼ਿਰ ਬੇਨਤੀ ਕੀਤੀ ਜਾਂਦੀ ਹੈ ਕਿ ਜਲਦੀ ਤੋਂ ਜਲਦੀ ਲੋੜਵੰਦਾਂ ਵਲੋਂ ਅਰਜੀਆਂ ਪੂਰੇ ਦਸਤਾਵੇਜ਼ਾਂ ਸਮੇਤ ਮੁੱਖ ਦਫ਼ਤਰ ਵਿਖੇ ਭੇਜੀਆਂ ਜਾਣ ਤਾਂ ਕਿ ਇਸ ਸਕੀਮ ਦਾ ਵੱਧ ਤੋ ਵੱਧ ਫ਼ਾਇਦਾ ਲਿਆ ਜਾ ਸਕੇ।

**6. ਜ਼ੋਨਲ ਪਲਾਨ ਵਿਚ ਸੁਧਾਰ** - ਇਸ ਦੇ ਸੰਬੰਧ ਵਿਚ ਚੰਡੀਗੜ੍ਹ ਯੂ.ਟੀ. (U.T.) ਦੇ ਸੰਬੰਧਿਤ ਵਿਭਾਗਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਅਤੇ ਪੱਤਰ ਮਿਲਣ ਦੇ ਨਾਲ ਹੀ ਰਿਵਾਇਜ਼ ਬਿਲਡਿੰਗ ਪਲਾਨ ਜਮਾਂ ਕਰਵਾ ਦਿੱਤਾ ਜਾਵੇਗਾ ਅਤੇ ਉਸ ਦੇ ਉਪਰੰਤ ਬਿਲਡਿੰਗ ਦਾ ਕੰਮ ਸ਼ੁਰੂ ਕੀਤਾ ਜਾਵੇਗਾ।

**7. ਭਵਨ ਵਿਚ ਕੀਤੇ ਕੰਮਾਂ ਬਾਰੇ ਜਾਣਕਾਰੀ -**

(ੳ) ਭਵਨ ਵਿੱਚ ਪਈਆਂ ਪੁਰਾਣੀਆਂ ਵਸਤਾਂ ਦਾ ਡਿਸਪੋਜ਼ਲ ਕਰਨ ਵਾਸਤੇ ਇਕ ਕਮੇਟੀ ਦਾ ਗਠਨ ਕੀਤਾ ਗਿਆ ਸੀ ਜਿਸਨੇ ਆਪਣਾ ਕੰਮ 30 ਜਨਵਰੀ 2025 ਨੂੰ ਪੂਰਾ ਕਰ ਦਿੱਤਾ ਸੀ ਅਤੇ ਰਿਪੋਰਟ ਫ਼ਾਉਂਡੇਸ਼ਨ ਦੇ ਦਫ਼ਤਰ ਵਿਚ ਜਮ੍ਹਾਂ ਕਰਵਾ ਦਿੱਤੀ ਗਈ ਹੈ।

(ਅ) ਲੁਬਾਣਾ ਭਵਨ ਦੇ ਦੋਵੇਂ ਗੇਟਾਂ ਤੇ ਦੋ ਨਵੇਂ ਫ਼ਲੈਕਸੀ ਬੋਰਡ ਸਥਾਪਿਤ ਕੀਤੇ ਗਏ ਹਨ।

(ੲ) ਪਾਣੀ ਦੀਆਂ ਟੈਂਕੀਆਂ ਦੇ ਢੱਕਣ ਬਦਲੀ ਕੀਤੇ ਗਏ ਹਨ।

(ਸ) ਆਡਿਟੋਰੀਅਮ ਦੀ ਸਟੇਜ਼ ਦੀਆਂ ਫ਼ਲੱਡ ਲਾਈਟਾਂ ਨੂੰ ਰਿਪੇਅਰ ਕਰਵਾ ਦਿੱਤਾ ਗਿਆ ਹੈ।

(ਹ) ਬਾਥਰੂਮਾਂ ਵਿਚ ਪਲੰਬਰ ਦਾ ਕੰਮ ਵੀ ਮੁਕੰਮਲ ਕਰ ਲਿਆ ਗਿਆ ਹੈ।

(ਕ) ਗੈਸਟ ਰੂਮਾਂ ਦੀਆਂ ਲਾਇਟਾਂ ਵੀ ਰਿਪੇਅਰ ਕੀਤੀਆਂ ਗਈਆਂ ਹਨ।

(ਖ) ਕਾਨਫ਼ਰੈਂਸ ਹਾਲ ਵਿੱਚ ਸਪੀਕਰ ਅਤੇ ਹੈਂਡ ਸੈੱਟ ਠੀਕ ਕਰਵਾਏ ਗਏ ਹਨ।

● ● ●

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

● ● ●

**ਜਿਹੜਾ ਇਨਸਾਨ ਸਭ ਦਾ ਦਿਲ ਰੱਖਦਾ ਹੈ, ਉਹ ਆਪਣੀ ਕਦਰ ਗਵਾ ਲੈਂਦਾ ਹੈ।**

# ਪੰਜਾਬ ਵਿਚ ਪੀ.ਸੀ.ਐਸ. (ਕਾਰਜਕਾਰੀ ਸ਼ਾਖਾ) ਅਤੇ ਹੋਰ ਅਸਾਮੀਆਂ ਦੀ ਪ੍ਰਤੀਯੋਗੀ ਮੁੱਢਲੀ ਪ੍ਰੀਖਿਆ ਵਿਚ ਹਾਜ਼ਰ ਹੋਣ ਵਾਲੇ ਲੁਬਾਣਾ ਬਰਾਦਰੀ ਦੇ ਪ੍ਰੀਖਿਆਰਥੀਆਂ ਦੀ ਬਮਸਲ ਫਾਊਂਡੇਸ਼ਨ ਵੱਲੋਂ ਆਰਥਿਕ ਸਹਾਇਤਾ ਕਰਨ ਦਾ ਫੈਸਲਾ।

ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਪੰਜਾਬ ਭਰ ਵਿਚੋਂ ਯੋਗ ਪ੍ਰੀਖਿਆਰਥੀ ਲਈ ਹੇਠ ਲਿਖੇ ਅਨੁਸਾਰ ਅਸਾਮੀਆਂ ਭਰਨ ਲਈ 31 ਜਨਵਰੀ ਤੱਕ ਅਰਜੀਆਂ ਮੰਗੀਆਂ ਹਨ।

| | ਅਹੁਦਾ | ਅਸਾਮੀਆਂ |
|---|---|---|
| 1. | ਪੀ.ਸੀ.ਐਸ. (ਕਾਰਜਕਾਰੀ ਸ਼ਾਖਾ) | 46 |
| 2. | ਡੀ.ਐਸ.ਪੀ. | 17 |
| 3. | ਤਹਿਸੀਲਦਾਰ | 27 |
| 4. | ਈ.ਟੀ.ਓ. | 121 |
| 5. | ਫੂਡ ਐਂਡ ਸਪਲਾਈ ਅਫ਼ਸਰ | 13 |
| 6. | ਬਲਾਕ ਪੰਚਾਇਤ ਅਤੇ ਡਿਵੈਲਪਮੈਂਟ ਅਫ਼ਸਰ | 49 |
| 7. | ਅਸਿਸਟੈਂਟ ਰਜਿਸਟਰਾਰ (ਸਹਿਕਾਰਤਾ) | 21 |
| 8. | ਲੇਬਰ ਅਫ਼ਸਰ | 03 |
| 9. | ਰੋਜ਼ਗਾਰ ਅਫ਼ਸਰ | 12 |
| 10. | ਡੀ.ਐਸ.ਪੀ. ਜੇਲ੍ਹ | 13 |
| | ਕੁੱਲ | 322 |

**ਮੇਨ ਪ੍ਰੀਖਿਆ ਅਤੇ ਇੰਟਰਵਿਊ ਦੀ ਤਿਆਰੀ ਲਈ ਵੀ ਆਰਥਿਕ ਸਹਾਇਤਾ ਕੀਤੀ ਜਾਵੇਗੀ।**

ਲੁਬਾਣਾ ਬਰਾਦਰੀ ਨਾਲ ਸੰਬੰਧਿਤ ਜਿਨ੍ਹਾਂ ਪ੍ਰੀਖਿਆਰਥੀਆਂ ਨੇ ਉਪਰੋਕਤ ਪ੍ਰੀਖਿਆ ਦੇ ਮੁੱਢਲੇ ਇਮਤਿਹਾਨ ਲਈ ਫਾਰਮ ਅਤੇ ਫੀਸ ਭਰ ਕੇ ਪ੍ਰੀਖਿਆ ਲਈ ਅਪਲਾਈ ਕੀਤਾ ਹੈ।ਅਜਿਹੇ ਪ੍ਰੀਖਿਆਰਤੀਆਂ ਨੂੰ ਮੁੱਢਲੀ ਪ੍ਰੀਖਿਆ ਦੀ ਤਿਆਰੀ ਕਰਨ ਲਈ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਆਰਥਿਕ ਸਹਾਇਤਾ ਕਰਨ ਦਾ ਫੈਸਲਾ ਕੀਤਾ ਹੈ। ਹਰੇਕ ਵਿਦਿਆਰਥੀ ਨੂੰ ਤਿਆਰੀ ਲਈ ਕਿਤਾਬਾਂ ਖਰੀਦਣ ਅਤੇ ਭਰੀ ਗਈ 750- ਰੁਪਏ ਦੀ ਫੀਸ ਲਈ ਰੁਪੈ 5000/- ਪ੍ਰਤੀ ਪ੍ਰੀਖਿਆਰਥੀ ਨੂੰ ਫਾਊਂਡੇਸ਼ਨ ਵੱਲੋਂ ਦਿੱਤੇ ਜਾਣਗੇ। ਜਿਹੜੇ ਯੋਗ ਪ੍ਰੀਖਿਆਰਥੀ ਭਰੀ ਗਈ ਫੀਸ ਦੀ ਰਸੀਦ ਦੀ ਫੋਟੋ ਸਮੇਤ ਆਪਣਾ ਬੈਂਕ ਖਾਤਾ ਨੰਬਰ ਅਤੇ ਪੂਰਾ ਪਤਾ ਸਮੇਤ ਮੋਬਾਇਲ ਨੰਬਰ ਹੇਠ ਲਿਖੇ ਨੰਬਰਾਂ ਤੇ ਵਟਸਐਪ ਕਰਨਗੇ। ਫਾਊਂਡੇਸ਼ਨ ਵੱਲੋਂ ਸਹਾਇਤਾ ਰਾਸ਼ੀ ਉਹਨਾਂ ਦੇ ਖਾਤਿਆਂ ਵਿਚ ਅਦਾ ਕਰ ਦਿੱਤੀ ਜਾਵੇਗੀ। ਆਪਣੀ ਮਿਹਨਤ ਅਤੇ ਗੁਰੂ ਮਹਾਰਾਜ ਦੀ ਕ੍ਰਿਪਾ ਨਾਲ ਜਿਹੜੇ ਵਿਦਿਆਰਥੀ ਮੇਨ ਪ੍ਰੀਖਿਆ ਲਈ ਯੋਗ ਕਰਾਰ ਦਿੱਤੇ ਜਾਣਗੇ, ਫਾਊਂਡੇਸ਼ਨ ਵੱਲੋਂ ਅਜਿਹੇ ਪ੍ਰੀਖਿਆਰਥੀਆਂ ਦੀ ਮੇਨ ਪ੍ਰੀਖਿਆ ਅਤੇ ਇੰਟਰਵਿਊ ਦੀ ਤਿਆਰੀ ਲਈ ਵੀ ਆਰਥਿਕ ਸਹਾਇਤਾ ਕੀਤੀ ਜਾਵੇਗੀ ਅਤੇ ਬਰਾਦਰੀ ਦੇ ਆਈ.ਏ.ਐਸ. ਕਾਡਰ ਅਤੇ ਪੀ.ਸੀ.ਐਸ. ਕਾਡਰ ਦੇ ਮੌਜੂਦਾ ਅਤੇ ਸੇਵਾ ਮੁਕਤ ਅਫ਼ਸਰਾਂ ਦੇ ਪੈਨਲ ਵੱਲੋਂ ਪ੍ਰੀਖਿਆ ਅਤੇ ਇੰਟਰਵਿਊ ਦੀ ਤਿਆਰੀ ਕਰਵਾਈ ਜਾਵੇਗੀ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਪ੍ਰੀਖਿਆ ਵਿਚ ਸ਼ਾਮਲ ਹੋ ਰਹੇ ਪ੍ਰੀਖਿਆਰਥੀਆਂ ਲਈ ਇਹ ਨਿਗੂਣਾ ਯਤਨ ਹੈ।ਵਾਹਿਗੁਰੂ ਕ੍ਰਿਪਾ ਕਰਨ ਅਤੇ ਆਪ ਜੀ ਕਾਮਯਾਬ ਹੋਵੋ।


| ਭਗਵਾਨ ਸਿੰਘ ਲੁਬਾਣਾ | ਹਰਮਨਪ੍ਰੀਤ ਸਿੰਘ | ਗੁਲਸ਼ਨ ਕੁਮਾਰ ਸਿੰਘ | ਸੁਰਜੀਤ ਸਿੰਘ ਕਪੂਰਥਲਾ | ਸੁਰਿੰਦਰ ਸਿੰਘ ਰੂਬੀ |
|---|---|---|---|---|
| ਪ੍ਰਧਾਨ | ਜਨਰਲ ਸਕੱਤਰ | ਸੀਨੀਅਰ ਮੀਤ ਪ੍ਰਧਾਨ (ਹੈੱਡ ਕੁਆਰਟਰ) | ਖਜ਼ਾਨਾ ਸਕੱਤਰ | ਸੀਨੀਅਰ ਮੀਤ ਪ੍ਰਧਾਨ (ਪੰਜਾਬ) ਅਤੇ ਸੰਪਾਦਕ 'ਲੁਬਾਣਾ ਸੇਵਕ' |
| 98155-40240 | 99968-90967 | 99151-51219 | 98155-66918 | 98141-28181 |

# ਬੱਚਿਆਂ ਦਾ ਸੁਨਹਿਰੀ ਭਵਿੱਖ

ਤਬਦੀਲੀ ਜ਼ਿੰਦਗੀ ਦਾ ਅਹਿਮ ਪੜਾਅ ਹੈ। ਜ਼ਿੰਦਗੀ ਵਿਚ ਕਈ ਪੜਾਵ ਆਉਂਦੇ ਹਨ ਪਰ ਸਕੂਲੀ ਵਿੱਦਿਆ ਗ੍ਰਹਿਣ ਕਰਨ ਦਾ ਪੜਾਅ ਬੜਾ ਯਾਦਗਾਰੀ ਅਤੇ ਪ੍ਰੇਰਨਾਦਾਇਕ ਹੁੰਦਾ ਹੈ। ਪ੍ਰੀਖਿਆਵਾਂ ਦੇ ਮੌਸਮ ਤੋਂ ਬਾਅਦ ਮੌਸਮ ਆਉਂਦਾ ਹੈ ਨਤੀਜਿਆਂ ਦਾ। ਕੁਝ ਬੱਚੇ ਤਾਂ ਇਨ੍ਹਾਂ ਨਤੀਜਿਆਂ ਤੋਂ ਬਾਅਦ ਆਪਣੀ ਸਫਲਤਾ ਦੇਖ ਕੇ ਬਹੁਤ ਖੁਸ਼ ਹੁੰਦੇ ਹਨ ਅਤੇ ਕੁਝ ਬੀਤੇ ਸਮੇਂ ਨੂੰ ਅਜਾਈਂ ਗਵਾ ਕੇ ਪਛਤਾਉਂਦੇ ਹਨ ਪਰ ਬੀਤਿਆ ਸਮਾਂ ਪਰਤ ਕੇ ਨਹੀਂ ਆਉਂਦਾ। ਸਾਲਾਨਾ ਪ੍ਰੀਖਿਆਵਾਂ ਦੇ ਨਤੀਜੇ ਆਉਣ ਤੋਂ ਬਾਅਦ ਵਿਦਿਆਰਥੀ ਅਗਲੀ ਜਮਾਤ ਵਿਚ ਪ੍ਰਵੇਸ਼ ਕਰਦੇ ਹਨ ਅਤੇ ਬਹੁਤ ਖੁਸ਼ ਹੁੰਦੇ ਹਨ।

ਮੈਟ੍ਰਿਕ ਤੋਂ ਬਾਅਦ ਵਿਸ਼ਿਆਂ ਦੀ ਚੋਣ ਸਮੇਂ ਵੀ ਕਈ ਵਾਰ ਬੱਚਿਆਂ ਦੀਆਂ ਰੁਚੀਆਂ ਵੱਲ ਮਾਪੇ ਧਿਆਨ ਨਹੀਂ ਦਿੰਦੇ। ਦੇਖੋ-ਦੇਖੀ ਜ਼ਬਰਦਸਤੀ ਬੱਚਿਆਂ ਨੂੰ ਆਪਣੀ ਮਰਜ਼ੀ ਦੇ ਵਿਸ਼ੇ ਲੈ ਦਿੰਦੇ ਹਨ। ਸਿੱਟੇ ਵਜੋਂ ਬੱਚਿਆਂ ਦੀ ਪੜ੍ਹਾਈ ਪ੍ਰਤੀ ਰੁਚੀ ਅਤੇ ਅਵੇਸਲਾਪਣ ਵਧਣ ਨਾਲ ਨਤੀਜੇ ਵੀ ਆਸ ਮੁਤਾਬਿਕ ਨਹੀਂ ਹੁੰਦੇ। ਇਹ ਠੀਕ ਹੈ ਕਿ ਬੱਚੇ ਦਾ ਨਤੀਜਾ ਆਸ ਮੁਤਾਬਿਕ ਨਾ ਆਉਣ 'ਤੇ ਉਸ ਨੂੰ ਸਮਝਾਉਣਾ ਅਤੇ ਭਵਿੱਖ ਪ੍ਰਤੀ ਚੇਤੰਨ ਕਰਨਾ ਹਰ ਮਾਂ-ਬਾਪ ਦਾ ਫਰਜ਼ ਹੈ ਪਰ ਬੱਚੇ ਨੂੰ ਧਮਕਾਉਣਾ, ਮਾਰਕੁੱਟ ਕਰਨਾ ਬੱਚੇ ਦੀ ਸ਼ਖ਼ਸੀਅਤ ਉਸਾਰੀ ਵਿਚ ਵੱਡੀ ਰੁਕਾਵਟ ਬਣਦਾ ਹੈ। ਬੱਚਿਆਂ ਦੀ ਇਸ ਦੁਬਿਧਾਜਨਕ ਮਾਨਸਿਕ ਸਥਿਤੀ ਨੂੰ ਹਲਕਾ ਕਰਨ ਲਈ ਮਾਪਿਆਂ ਤੋਂ ਵੱਡਾ ਮਦਦਗਾਰ ਹੋਰ ਕੋਈ ਨਹੀਂ ਹੋ ਸਕਦਾ।




**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**


ਕਈ ਮਾਂ-ਬਾਪ ਤਾਂ ਬੱਚਿਆਂ ਦੀ ਪੜ੍ਹਾਈ ਤੇ ਚਰਿੱਤਰ ਨਿਰਮਾਣ ਦੀ ਸਾਰੀ ਜ਼ਿੰਮੇਵਾਰੀ ਵਿਦਿਅਕ ਅਦਾਰਿਆਂ ਉਪਰ ਸੁੱਟ ਕੇ ਆਪ ਬੇਫ਼ਿਕਰ ਹੋ ਜਾਂਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਹੁਤੇ ਮਾਪਿਆਂ ਦੀ ਆਪਣੇ ਬੱਚਿਆਂ ਦੀ ਪੜ੍ਹਾਈ, ਚਰਿੱਤਰ ਨਿਰਮਾਣ ਤੇ ਭਵਿੱਖ ਦੀ ਦਿਸ਼ਾ ਉਪਰ ਪੂਰੀ ਪਕੜ ਹੁੰਦੀ ਹੈ, ਫਿਰ ਵੀ ਇਹ ਵੇਖਣ ਵਿੱਚ ਅਕਸਰ ਆ ਰਿਹਾ ਹੈ ਕਿ ਅਜਿਹੇ ਮਾਪਿਆਂ ਦੀ ਵੀ ਕਮੀ ਨਹੀਂ ਜਿਹੜੇ ਕਦੇ ਸਕੂਲ ਜਾਂ ਕਾਲਜ ਵਿੱਚ ਇਹ ਪਤਾ ਨਹੀਂ ਕਰਨ ਜਾਂਦੇ ਕਿ ਉਨ੍ਹਾਂ ਦੇ ਬੱਚੇ ਪੜ੍ਹਾਈ ਵਿੱਚ ਕਿਵੇਂ ਚੱਲ ਰਹੇ ਹਨ ਜਾਂ ਕਿਤੇ ਉਹ ਬੁਰੀ ਸੰਗਤ ਵਿੱਚ ਪੈ ਕੇ ਪੜ੍ਹਾਈ ਕਰਨ ਦੀ ਬਜਾਇ ਇੱਧਰ-ਉੱਧਰ ਘੁੰਮ ਕੇ ਹੀ ਘਰ ਪਰਤ ਤਾਂ ਨਹੀਂ ਆਉਂਦੇ। ਕਿਤੇ ਅਜਿਹਾ ਨਾ ਹੋ ਜਾਵੇ ਕਿ ਮਾਪਿਆਂ ਦੀ ਲਾਪ੍ਰਵਾਹੀ ਕਾਰਨ ਉਨ੍ਹਾਂ ਦਾ ਬੱਚਾ ਪੜ੍ਹਾਈ ਵਿੱਚ ਕਮਜ਼ੋਰ ਰਹਿ ਜਾਵੇ ਜਾਂ ਉਹ ਬੁਰੀ ਸੰਗਤ ਦਾ ਸ਼ਿਕਾਰ ਹੋ ਕਿ ਪੜ੍ਹਾਈ ਤੋਂ ਪਾਸਾ ਵੱਟ ਜਾਵੇ। ਪੜ੍ਹਾਈ ਵਿੱਚ ਸਿਰੇ ਨਾ ਲੱਗ ਸਕਣ ਵਾਲੇ ਬੱਚੇ, ਆਪਣਾ ਹੀ ਨਹੀਂ, ਮਾਪਿਆਂ ਦਾ ਭਵਿੱਖ ਵੀ ਖਰਾਬ ਕਰ ਦਿੰਦੇ ਹਨ। ਮਾਪਿਆਂ ਦੀ ਉਨ੍ਹਾਂ ਪ੍ਰਤੀ ਫ਼ਿਕਰਮੰਦੀ ਵੱਧ ਜਾਂਦੀ ਹੈ। ਫਿਰ ਕੁਵੇਲੇ ਦੀਆਂ ਟੱਕਰਾਂ ਹੀ ਪੱਲੇ ਰਹਿ ਜਾਂਦੀਆਂ ਹਨ।

ਬੱਚੇ ਜਿਵੇਂ ਹੀ ਸਕੂਲ ਦੀਆਂ ਵੱਡੀਆਂ ਜਮਾਤਾਂ ਭਾਵ ਗਿਆਰਵੀਂ ਬਾਰਵੀਂ ਵਿੱਚ ਪਹੁੰਚਦੇ ਹਨ, ਉਨ੍ਹਾਂ ਉਪਰ ਸਮੇਂ ਦੇ ਬਾਹਰੀ ਰੁਝਾਨਾਂ ਦੇ ਪ੍ਰਭਾਵ ਵੀ ਪੈਣੇ ਸ਼ੁਰੂ ਹੋ ਜਾਂਦੇ ਹਨ ਜਿਵੇਂ ਘੁੰਮਣਾ-ਫਿਰਨਾ, ਮੋਬਾਇਲ ਫੋਨ, ਇੰਟਰਨੈੱਟ ਜਾਂ ਮੋਟਰਸਾਈਕਲ ਆਦਿ ਦੀ ਲੋੜ ਮਹਿਸੂਸ ਹੁੰਦੀ ਹੈ। ਪੜ੍ਹਾਈ ਲਈ ਸਮਾਂ ਘਟਣਾ ਸ਼ੁਰੂ ਹੋ ਜਾਂਦਾ ਹੈ। ਇਹ ਸਮਾਂ ਮਾਪਿਆਂ ਲਈ ਆਪਣੇ ਬੱਚਿਆਂ ਪ੍ਰਤੀ ਚੌਕਸ ਰਹਿਣ ਦਾ ਹੁੰਦਾ ਹੈ ਕਿਉਂਕਿ ਇਸ ਉਮਰ ਵਿਚ ਬੱਚਿਆਂ ਦਾ ਬੋਧਿਕ ਵਿਕਾਸ ਤੇਜ਼ੀ ਨਾਲ ਆਰੰਭ ਹੋਣਾ ਹੁੰਦਾ ਹੈ। ਜੇ ਮਾਪੇ ਅਜਿਹੇ ਸਮੇਂ ਆਪਣੇ ਬੱਚੇ ਦੀ ਦਿਸ਼ਾ ਸਹੀ ਪਾਸੇ ਕਾਇਮ ਰੱਖਣ ਵਿੱਚ ਕਾਮਯਾਬ ਹੋ ਜਾਣ ਤਾਂ ਅਗਲੇਰੀ ਪੜ੍ਹਾਈ ਦੌਰਾਨ ਉਨ੍ਹਾਂ ਦੀ ਫਿਕਰ ਘਟ ਜਾਂਦੀ ਹੈ।

ਬੱਚਿਆਂ ਵਿੱਚ ਸ਼ੁਰੂ ਤੋਂ ਹੀ ਪੜ੍ਹਾਈ ਦੀ ਰੁਚੀ ਬਣਾਈ ਰੱਖਣਾ ਮਾਪਿਆਂ ਦੀ ਪਹਿਲੀ ਜ਼ਿੰਮੇਵਾਰੀ ਬਣ ਜਾਂਦੀ ਹੈ। ਵਿਦਿਅਕ ਜਾਗਰੂਕਤਾ ਵੱਧਣ ਕਾਰਨ ਹੁਣ ਬਹੁਤੇ ਮਾਪੇ ਇਸ ਅਹਿਮੀਅਤ ਨੂੰ ਪਛਾਣਦੇ ਤੇ ਆਪਣਾ ਫ਼ਰਜ਼ ਨਿਭਾ ਰਹੇ ਹਨ।

ਵਿਦਿਅਕ ਅਦਾਰਿਆਂ ਦੀ ਆਪਣੀ ਜ਼ਿੰਮੇਵਾਰੀ ਹੁੰਦੀ ਹੈ ਤੇ ਉਹ ਕਿਸੇ ਹੱਦ ਤੱਕ ਨਿਭਾਉਂਦੇ ਵੀ ਹਨ। ਇਸ ਤਰ੍ਹਾਂ ਮਾਪਿਆਂ ਨੂੰ ਵੀ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਗੰਭੀਰ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਸਮੇਂ-ਸਮੇਂ ਬੱਚਿਆਂ ਦੇ ਸਕੂਲ ਜਾਂ ਕਾਲਜ ਵਿਚ ਜਾ ਕੇ ਆਪਣੇ ਬੱਚਿਆਂ ਦੀ ਪੜ੍ਹਾਈ ਜਾਂ ਸਕੂਲ ਵਿਚ ਉਨ੍ਹਾਂ ਦੀ ਹਾਜ਼ਰੀ ਦਾ ਪਤਾ ਲੈਂਦੇ ਰਹਿਣਾ ਚਾਹੀਦਾ ਹੈ।

ਸੋ ਥੋੜ੍ਹਾ ਜਿਹਾ ਧਿਆਨ ਦੇਣ ਨਾਲ ਬੱਚਿਆਂ ਦੇ ਭਵਿੱਖ ਨੂੰ ਸੁਨਹਿਰੀ ਬਣਾਇਆ ਜਾ ਸਕਦਾ ਹੈ। ਉਸਾਰੂ ਰੁਚੀਆਂ ਦੀ ਪੂਰਤੀ ਲਈ ਸਹਿਯੋਗੀ ਬਣਨ ਦੀ ਲੋੜ ਹੈ ਤਾਂ ਜੋ ਬੱਚੇ ਉਤਸ਼ਾਹਿਤ ਹੋ ਕੇ ਆਪਣੇ ਰੌਸ਼ਨ ਭਵਿੱਖ ਦੇ ਨਿਰਮਾਣ ਵਿੱਚ ਜੁੱਟੇ ਰਹਿਣ ਅਤੇ ਆਪਣੇ ਵਿੱਦਿਅਕ ਅਦਾਰੇ, ਮਾਪਿਆਂ ਅਤੇ ਸਭ ਤੋਂ ਉੱਪਰ ਆਪਣਾ ਭਵਿੱਖ ਚੰਗਾ ਬਣਾ ਸਕਣ।

● ● ●

**ਦੁਨੀਆਂ ਇਕ ਅਜਿਹੀ ਕਚਹਿਰੀ ਹੈ, ਜਿਥੇ ਹਰ ਰੋਜ਼ ਹਰ ਕੋਈ ਸਫ਼ਾਈ ਦਿੰਦਾ ਹੀ ਨਜ਼ਰ ਆਉਂਦਾ ਹੈ।**

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

### ਪੰਜਾਬ ਪੈਨਸ਼ਨਰਜ਼ ਐਸੋਸੀਏਸ਼ਨ ਕਪੂਰਥਲਾ (ਰਜਿ.)

ਸੇਵਾ ਮੁਕਤ ਹੋਣ ਤੋਂ ਬਾਅਦ ਪੰਜਾਬ ਗੌਰਮਿੰਟ ਪੈਨਸ਼ਨਰ ਬਣ ਗਏ। ਹਰ ਮਹੀਨੇ ਪੈਨਸ਼ਨ ਲੈਣ ਲਈ ਜ਼ਿਲ੍ਹੇ ਦੇ ਸਾਰੇ ਪੈਨਸ਼ਨਰਾਂ ਨੂੰ ਪਹਿਲਾਂ ਜ਼ਿਲ੍ਹਾ ਖਜ਼ਾਨਾ ਦਫਤਰ ਜਾਣਾ ਪੈਂਦਾ ਜਿਥੋਂ ਵਾਊਚਰ ਪਾਸ ਕਰਵਾ ਕੇ ਫਿਰ ਪਟਿਆਲਾ ਬੈਂਕ ਤੋਂ ਪੇਮੈਂਟ ਲੈਣ ਲਈ ਲੰਮੀ ਕਤਾਰ ਵਿੱਚ ਲੰਮੇ ਸਮੇਂ ਲਈ ਖੜ੍ਹਾ ਹੋਣਾ ਪੈਂਦਾ। ਪਿੰਡਾਂ ਤੋਂ ਆਏ ਪੈਨਸ਼ਨਰਾਂ ਦਾ ਤਾਂ ਲਗਭਗ ਸਾਰਾ ਦਿਨ ਏਸੇ ਵਿੱਚ ਹੀ ਲੰਘ ਜਾਂਦਾ। ਖਜ਼ਾਨਾ ਦਫਤਰ ਦੇ ਸਟਾਫ ਵੱਲੋਂ ਬਜ਼ੁਰਗ ਭੋਲੇ ਭਾਲੇ ਪੈਨਸ਼ਨਰਾਂ ਅਤੇ ਫੈਮਲੀ ਪੈਨਸ਼ਨਰਾਂ ਨਾਲ ਹੁੰਦੀ ਬਦ-ਸਲੂਕੀ ਵੀ ਸਾਰੇ ਵੇਖਦੇ। ਨਾ ਬੈਠਣ ਨੂੰ ਕੋਈ ਥਾਂ ਸੀ ਨਾ ਪੀਣ ਨੂੰ ਪਾਣੀ।

ਜ਼ਿਲ੍ਹੇ ਦੇ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਦੇ ਸਮਾਧਾਨ ਲਈ ਮਿਤੀ 06.06.1993 ਨੂੰ ਬੁਲਾਈ ਗਈ ਇੱਕ ਇਕਤਰਤਾ ਵਿੱਚ ਜ਼ਿਲ੍ਹੇ ਦੇ ਪੈਨਸ਼ਨਰਾਂ ਦੀ ਇੱਕ ਸੰਸਥਾ ਬਣਾਉਣ ਦਾ ਫੈਸਲਾ ਕੀਤਾ ਗਿਆ। ਇਸ ਸਬੰਧ ਵਿੱਚ ਖਤੋ ਕਿਤਾਬਤ ਕਰਨ ਲਈ ਮੈਨੂੰ ਜਨਰਲ ਸੈਕਟਰੀ ਥਾਪਿਆ ਗਿਆ ਅਤੇ ਪ੍ਰਿੰ: ਏ.ਐਸ. ਪੁਰੀ ਪ੍ਰਧਾਨ ਚੁਣੇ ਗਏ ਅਤੇ ਸਾਰੇ ਜ਼ਿਲ੍ਹੇ ਦੀ ਕਾਰਜਕਾਰਨੀ ਕਮੇਟੀ ਬਣਾਈ ਗਈ। ਆਖਰ 'ਪੰਜਾਬ ਪੈਨਸ਼ਨਰਜ਼ ਐਸੋਸੀਏਸ਼ਨ ਡਿਸਟਰਿਕਟ ਕਪੂਰਥਲਾ' ਨਾਂ ਦੀ ਸੰਸਥਾ ਰਜਿਸਟਰੇਸ਼ਨ ਨੰ : 853 ਆਫ 1993-94 ਮਿਤੀ 07 ਅਕਤੂਬਰ, 1993 ਅਨੁਸਾਰ ਰਜਿਸਟਰਾਰ ਫਰਮਜ਼ ਐਂਡ ਸੁਸਾਇਟੀਜ਼ ਚੰਡੀਗੜ੍ਹ ਵੱਲੋਂ ਰਜਿਸਟਰ ਹੋ ਗਈ। ਜਿਸ ਦਾ ਰਜਿਸਟਰਡ ਆਫਿਸ ਮੇਰਾ ਗਰੀਬ ਖਾਨਾ, 01 ਅਮਨ ਨਗ, ਕਪੂਰਥਲਾ ਹੀ ਬਣਿਆ। ਬੈਂਕ ਵਿੱਚ ਐਸੋਸੀਏਸ਼ਨ ਦਾ ਖਾਤਾ ਖੁਲ੍ਹ ਗਿਆ। ਹੌਲੀ-ਹੌਲੀ ਮੈਂਬਰਸ਼ਿਪ ਵਧਦੀ ਗਈ ਅਤੇ ਹਰ ਮਹੀਨੇ ਇਸ ਦੀ ਮੀਟਿੰਗ ਹੋਣ ਲਗ ਪਈ। ਕੁਝ ਵਰਨਣਯੋਗ ਯਾਦਾਂ ਹੇਠ ਲਿਖੇ ਅਨੁਸਾਰ ਹਨ :-

1. ਦਾਸ ਨੂੰ ਮਿਤੀ 07.10.1993 ਤੋਂ 08 ਸਾਲ ਲਈ ਇਸ ਸੰਸਥਾ ਦਾ ਫਾਊਂਡਰ ਜਨਰਲ ਸੈਕਟਰੀ, ਮਿਤੀ 08.05.2000 ਤੋਂ 10 ਸਾਲ ਲਈ ਇਸ ਦਾ ਪ੍ਰਧਾਨ ਅਤੇ 2011 ਤੋਂ ਇਸ ਦਾ ਸਰਪ੍ਰਸਤ ਹੋਣ ਦਾ ਮਾਣ ਹਾਸਿਲ ਹੈ।

2. ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸਿਵਲ ਰਿਟ ਪਟੀਸ਼ਨ ਨੰ : 5456 ਆਫ 1993 ਮੇਰੇ ਨਾਂ ਤੇ ਕਪੂਰਥਲਾ ਦੇ 26 ਪੰਜਾਬ ਗੌਰਮਿੰਟ ਪੈਨਸ਼ਨਰਾਂ ਵੱਲੋਂ ਦਾਇਰ ਕੀਤੀ ਗਈ ਸੀ ਜਿਸ ਵਿੱਚ ਸਾਨੂੰ ਜਿੱਤ ਪ੍ਰਾਪਤ ਹੋਈ। ਉਸ ਰਿਟ ਦਾ ਫੈਸਲਾ 27.09.1993 ਨੂੰ ਸਾਡੇ ਹੱਕ ਵਿੱਚ ਹੋ ਗਿਆ। ਜਿਸ ਅਨੁਸਾਰ ਸਾਡੀ ਪੈਨਸ਼ਨ ਅਤੇ ਗਰੈਚਿਊਟੀ ਬਣਦੀ ਡੀ.ਪੀ. ਤਨਖਾਹ ਵਿੱਚ ਪਾ ਕੇ ਮੁੜ ਤੋਂ ਫਿਕਸ ਕੀਤੀ ਗਈ ਜਿਸ ਨਾਲ ਕਪੂਰਥਲਾ ਦੇ ਇਨ੍ਹਾਂ ਪੈਨਸ਼ਨਰਾਂ ਨੂੰ ਲਾਭ ਹੋਇਆ।

3. ਇਸ ਐਸੋਸੀਏਸ਼ਨ ਦੇ ਨੁਮਾਇੰਦਿਆਂ ਦੀਆਂ ਆਪਣੀਆਂ ਸਮੱਸਿਆਵਾਂ ਦੇ ਸਮਾਧਾਨ ਲਈ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਫਸਰ ਨਾਲ ਪਹਿਲੀ ਤਿਮਾਹੀ ਮੀਟਿੰਗ ਮਿਤੀ 06.10.1993 ਨੂੰ ਹੋਈ।

4. ਜ਼ਿਲ੍ਹਾ ਕਚਹਿਰੀ ਕੰਪਲੈਕਸ ਵਿੱਚ ਜ਼ਿਲ੍ਹਾ ਖਜ਼ਾਨਾ ਦਫਤਰ ਦੀ ਨਵੀਂ ਬਣੀ ਬਿਲਡਿੰਗ ਵਿੱਚ ਪੈਨਸ਼ਨਰ ਸੂਚਨਾ ਕੇਂਦਰ ਵੀ ਬਣ ਗਿਆ। ਜਿਸ ਦਾ ਉਦਘਾਟਨ ਮਿਤੀ 17.12.1996 ਨੂੰ ਡਿਪਟੀ ਕਮਿਸ਼ਨਰ ਸਾਹਿਬ ਸ. ਸੁਰਜੀਤ ਸਿੰਘ ਰਾਜਪੂਤ ਨੇ ਪੱਥਰ ਤੋਂ ਪਰਦਾ ਹਟਾ ਕੇ ਅਤੇ ਰਿਬਨ ਕੱਟ ਕੇ ਆਪਣੇ ਕਰ ਕਮਲਾਂ ਨਾਲ ਕੀਤਾ। ਦਸ ਹਜ਼ਾਰ ਰੁਪਏ ਫਰਨੇਚਰ ਲਈ ਵੀ ਮਿਲ ਗਏ। ਠੰਡੇ ਪਾਣੀ ਲਈ ਵਾਟਰ ਕੂਲਰ ਲੱਗ ਗਿਆ। ਬਿਜਲੀ ਦੇ ਪਖਿਆਂ ਵਾਲਾ ਖੁਲ੍ਹਾ ਵਿਹੜਾ ਬੈਠਨ ਨੂੰ ਮਿਲ ਗਿਆ। ਐਸੋਸੀਏਸ਼ਨ ਦੀਆਂ ਮੀਟਿੰਗਾਂ ਆਪਣੇ ਇਸ ਦਫ਼ਤਰ ਵਿੱਚ ਹੋਣ ਲੱਗ ਪਈਆਂ। ਐਸੋਸੀਏਸ਼ਨ ਦੀ ਕਾਰਜਕਾਰਨੀ ਦੇ ਮੈਂਬਰਾਂ ਨੂੰ ਜ਼ਿਲ੍ਹਾ ਅਤੇ ਸਬ-ਡਵੀਜ਼ਨ ਪੱਧਰ ਤੇ ਹੋਣ ਵਾਲੇ ਸਰਕਾਰੀ ਸਮਾਗਮਾਂ ਲਈ ਸੱਦਾ ਪੱਤਰ ਆਉਣ ਲੱਗ ਪਿਆ।

5. ਮਿਤੀ 31.12.1996 ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬ ਦੀਆਂ ਸਾਰੀਆਂ ਪੈਨਸ਼ਨਰ ਜਥੇਬੰਦੀਆਂ ਦੀ ਬਣਾਈ ਗਈ ਕਾਨਫਿਡਰੇਸ਼ਨ ਦਾ ਦੋ ਸਾਲਾਂ ਲਈ ਮੈਂਬਰ ਥਾਪਿਆ ਗਿਆ।

6. ਮਿਤੀ 24 ਨਵੰਬਰ, 1997 ਨੂੰ ਪੰਜਾਬ ਦੇ ਚੌਥੇ ਪੇ-ਕਮਿਸ਼ਨ ਨੂੰ ਰਾਜ ਪੱਧਰੇ ਡੈਪੂਟੇਸ਼ਨ ਨਾਲ ਮਿਲਿਆ ਜਿਸ ਲਈ ਯਾਦ-ਪੱਤਰ ਕਪੂਰਥਲਾ ਵਿਖੇ ਹੀ ਤਿਆਰ ਕੀਤਾ ਗਿਆ।

7. ਮਿਤੀ 10.02.2000 ਨੂੰ ਜ਼ਿਲ੍ਹੇ ਦੇ ਪੈਨਸ਼ਨਰਾਂ ਦੀਆਂ ਕਠਨਾਈਆਂ ਦੇ ਹੱਲ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਜ਼ਿਲ੍ਹਾ ਸਲਾਹਕਾਰ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਇਸ ਕਮੇਟੀ ਦੀ ਮਿਆਦ 02 ਸਾਲ ਸੀ। ਡਿਪਟੀ ਕਮਿਸ਼ਨਰ ਸਾਹਿਬ ਇਸ ਦੇ ਚੇਅਰਮੈਨ ਸਨ।

8. ਮਿਤੀ 18.10.1999 ਨੂੰ ਕਾਰਗਿਲ ਸੋਲਜਰ ਫੰਡ ਲਈ 19671 ਰੁਪਏ ਦੀ ਰਾਸ਼ੀ ਪੈਨਸ਼ਨਰਾਂ ਵੱਲੋਂ ਡਿਪਟੀ ਕਮਿਸ਼ਨਰ ਸਾਹਿਬ ਨੂੰ ਭੇਂਟ ਕੀਤੀ ਗਈ।

9. ਮਿਤੀ 22.02.2001 ਨੂੰ ਗੁਜਰਾਤ ਭੁਚਾਲ ਰਲੀਫ ਫੰਡ ਲਈ 33500 ਰੁਪਏ ਦੀ ਰਾਸ਼ੀ ਪੈਨਸ਼ਨਰਾਂ ਵੱਲੋਂ ਏ.ਡੀ.ਸੀ. ਸ਼੍ਰੀ ਐਸ.ਐਸ. ਬੈਂਸ ਨੂੰ ਭੇਂਟ ਕੀਤੀ ਗਈ।

10. ਮਿਤੀ 25.10.2004 ਨੂੰ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਲਈ ਬਣਾਈ ਗਈ ਰਾਜ ਸਲਾਹਕਾਰਰ ਕਮੇਟੀ ਦਾ 03 ਸਾਲਾਂ ਲਈ ਮੈਂਬਰ ਨਾਮਜ਼ਦ ਕੀਤਾ ਗਿਆ।

11. ਮਿਤੀ 30 ਅਕਤੂਬਰ, 2008 ਨੂੰ ਪੰਜਾਬ ਦੇ ਪੰਜਵੇਂ ਪੇ-ਕਮਿਸ਼ਨ ਨੂੰ ਪੰਜਾਬ ਪੱਧਰ ਦੇ ਇਕ ਡੈਪੂਟੇਸ਼ਨ ਨਾਲ ਮਿਲਿਆ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਬਾਰੇ ਗੱਲਬਾਤ ਵਿੱਚ ਭਾਗ ਲਿਆ।

12. ਮਿਤੀ 17.12.2011 ਨੂੰ ਇਸ ਐਸੋਸੀਏਸ਼ਨ ਵੱਲੋਂ ਇਸ ਸੰਸਥਾ ਦੀ ਇਸ ਲੰਮੇ ਸਮੇਂ ਲਈ ਕੀਤੀ ਸੇਵਾ ਲਈ ਮਾਣ ਪੱਤਰ, ਸਨਮਾਨ ਚਿੰਨ੍ਹ ਅਤੇ ਸਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ।

13. ਮਿਤੀ 13 ਅਕਤੂਬਰ, 2012 ਨੂੰ ਨਵੀਂ ਬਣੀ ਕਾਰਜਕਾਰਨੀ ਕਮੇਟੀ ਦੇ ਪ੍ਰਧਾਨ ਪ੍ਰਿੰ. ਕੇਵਲ ਸਿੰਘ ਅਤੇ ਜਨਰਲ ਸੈਕਟਰੀ ਸ. ਗੁਰਦੀਪ ਸਿੰਘ ਨੂੰ ਐਸੋਸੀਏਸ਼ਨ ਦੇ ਬੈਂਕ ਕਾਗਜ਼ਾਤ, ਕੈਸ਼-ਬੁਕ ਅਤੇ ਦਫਤਰ ਦੀਆਂ ਚਾਬੀਆਂ ਸੌਂਪ ਦਿੱਤੀਆਂ ਗਈਆਂ। ਮੈਨੂੰ ਇਹ ਦੱਸਦਿਆਂ ਬੜੀ ਖੁਸ਼ੀ ਹੁੰਦੀ ਹੈ ਕਿ ਉਹ ਦੋਵੇਂ ਬੜੇ ਸੁਚੱਜੇ ਢੰਗ ਨਾਲ ਸਫਲਤਾ ਪੂਰਵਿਕ ਇਹ ਜ਼ਿੰਮੇਵਾਰੀ ਨਿਭਾਅ ਰਹੇ ਹਨ। ਕੇਵਲ ਸਿੰਘ ਮੇਰੇ ਬੜੇ ਪੁਰਾਣੇ ਸ਼ਿਸ਼ ਹਨ।

14. ਮੈਂ ਆਪਣੇ ਅਜ਼ੀਜ਼ ਪੁਰਾਣੇ ਵਿਦਿਆਰਥੀਆਂ ਅਤੇ ਸਾਥੀਆਂ ਪ੍ਰਿੰ. ਪ੍ਰੀਤਮ ਸਿੰਘ ਸਰਗੋਧੀਆ ਦੀ ਐਸੋਸੀਏਸ਼ਨ ਦੇ ਜਨਰਲ ਸੈਕਟਰੀ ਦੇ ਤੌਰ 'ਤੇ ਅਤੇ ਪ੍ਰੋ. ਪ੍ਰੀਤਮ ਸਿੰਘ ਤੱਗੜ ਦੀ ਵਿੱਤ ਸਕੱਤਰ ਵਜੋਂ ਇਕ ਲੰਮੇ ਸਮੇਂ ਲਈ ਨਿਭਾਈ ਸੇਵਾ ਲਈ ਹਾਰਦਿਕ ਧੰਨਵਾਦ ਅਤੇ ਵਿਸ਼ੇਸ਼ ਵਰਨਣ ਕਰਨ ਦੀ ਖੁਸ਼ੀ ਪ੍ਰਾਪਤ ਕਰਦਾ ਹਾਂ।

(ਚਲਦਾ)

● ● ●

**ਬੁਰੇ ਵਕਤ ਵਿਚ ਦਿਲਾਸਾ ਦੇਣ ਵਾਲਾ ਚਾਹੇ ਅਜਨਬੀ ਹੀ ਹੋਵੇ, ਉਹ ਦਿਲ 'ਚ ਉਤਰ ਜਾਂਦਾ ਹੈ। ਤੇ ਬੁਰੇ ਵਕਤ ਵਿਚ ਕਿਨਾਰਾ ਕਰ ਜਾਣ ਵਾਲਾ ਚਾਹੇ ਆਪਣਾ ਹੀ ਹੋਵੇ ਉਹ ਦਿਲੋਂ ਤੋਂ ਉਤਰ ਜਾਂਦਾ ਹੈ।**

● ● ●


# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),

## ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

**ਵੱਲੋਂ**


# ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ



ਸ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ

# ਪਾਕਿਸਤਾਨ ਵਿਚ ਸਿੱਖਾਂ ਦੇ ਧਾਰਮਿਕ ਅਸਥਾਨ

ਇੰਜੀਨੀਅਰ
ਪਰਮਿੰਦਰਜੀਤ ਸਿੰਘ
99153-57524



ਭਾਰਤ ਤੇ ਪਾਕਿਸਤਾਨ ਬਣਨ ਤੋਂ ਪਹਿਲਾਂ ਦੋਵੇਂ ਦੇਸ਼ ਇਕ ਹੀ ਸਨ। ਸਮੇਂ ਦੇ ਨਾਲ-ਨਾਲ ਵੰਡੀਆਂ ਪਈਆਂ ਤੇ ਇਹ ਵੱਸਦਾ ਰੱਸਦਾ ਦੇਸ਼ ਦੋ ਭਾਗਾਂ ਵਿਚ ਵੰਡਿਆ ਗਿਆ। ਇਥੇ ਇਹ ਕਹਿਣਾ ਕਿ ਕਿਸਦੀ ਗਲਤੀ ਨਾਲ ਹੋਇਆ ਜਾਂ ਕਿਸ ਨੇ ਕਰਵਾਇਆ ਠੀਕ ਨਹੀਂ ਹੋਵੇਗਾ। ਪਰ ਇਹੋ ਜਿਹੇ ਇਤਿਹਾਸ ਨੂੰ ਮੁੜ ਕੇ ਸੁਰਜੀਤ ਕਰਦੇ ਸਮੇਂ ਬਹੁਤ ਸਾਰੇ ਲੇਖਕਾਂ ਨੇ ਆਪਣੇ-ਆਪਣੇ ਵਿਚਾਰ ਦਿੱਤੇ ਹਨ। ਅਸੀਂ ਗਲ ਕਰੀਏ ਕਿ ਜਦੋਂ ਵੰਡੀਆਂ ਪਈਆਂ ਇਸ ਤੋਂ ਪਹਿਲਾਂ ਕਿਹੋ ਜਿਹਾ ਮਾਹੌਲ ਸੀ? ਕਿਉਂ ਅੱਜ ਵੀ ਨਨਕਾਣਾ ਸਾਹਿਬ ਨੂੰ ਯਾਦ ਕੀਤਾ ਜਾਂਦਾ ਹੈ? ਅੱਜ ਗੱਲ ਨਨਕਾਣਾ ਸਾਹਿਬ ਦੀ ਨਹੀਂ ਪਾਕਿਸਤਾਨ ਵਿਚ ਸਿੱਖਾਂ ਦੇ ਇਤਿਹਾਸਕ ਸਥਾਨਾਂ ਬਾਰੇ ਵੀ ਕਰਨੀ ਬਣਦੀ ਹੈ। ਭਾਵੇਂ ਕਿ ਸਾਰੇ ਹੀ ਇਨ੍ਹਾਂ ਗੱਲਾਂ ਤੋਂ ਭਲੀ ਪ੍ਰਕਾਰ ਜਾਣੂ ਹਨ, ਪਰ ਇਹ ਲਿਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਬਹੁਤ ਸਾਰੇ ਸਥਾਨ ਐਸੇ ਹਨ ਜੋ ਕਿ ਸਿੱਖੀ ਨਾਲ ਸਬੰਧਤ ਹੋਣ ਦੇ ਬਾਵਜੂਦ ਅਣਗੌਲਿਆ ਕੀਤੇ ਗਏ ਹਨ ਜਾਂ ਅਣਗੌਲਿਆ ਹੋ ਰਹੇ ਹਨ।

ਬਹੁਤ ਸਾਰੇ ਧਾਰਮਿਕ ਅਸਥਾਨਾਂ ਵਿਚੋਂ ਅੱਜ ਅਸੀਂ ਵਰਨਣ ਕਰਾਂਗੇ ਗੁਰਦੁਆਰਾ ਪਹਿਲੀ ਪਾਤਸ਼ਾਹੀ, ਬੁਲਾਣੀ, ਜ਼ਿਲ੍ਹਾ ਲਾੜਕਾਣਾ, ਸਿੰਧ। ਬੁਲਾਣੀ ਸਿੰਧ ਪ੍ਰਾਂਤ ਦਾ ਪ੍ਰਸਿੱਧ ਨਗਰ ਹੈ। ਨਾਨਕ ਪੰਥੀ ਹਿੰਦੂ ਪੁਜਾਰੀ ਹਨ। ਰੋਜ਼ ਪ੍ਰਕਾਸ਼ ਹੁੰਦਾ ਹੈ। ਇਥੇ ਹੀ ਨੂਰ ਨੁਸਰਤ ਨਾਮ ਦੇ ਇਕ ਆਜੜੀ ਨੇ ਆਪ ਵੀ ਸੇਵਾ ਕੀਤੀ ਤੇ ਬਰਕਤਾਂ ਵਾਸਤੇ ਦੁਆ ਪੁੱਛੀ। ਆਪ ਨੇ ਫਰਮਾਇਆ ਸਭ ਬਰਕਤਾਂ ਨੇਕੀ, ਦਇਆ ਅਤੇ ਧਰਮ ਦਾ ਪੱਲਾ ਨਾਂ ਛੱਡਣ ਵਿਚ ਹਨ। ਇਥੇ ਹੀ ਦਾਊਦ ਨਾਮੀ ਇਕ ਜੁਲਾਹੇ ਨੇ ਆਪ ਨੂੰ ਇਕ ਅਨਮੁੱਲਾ, ਗਲੀਚਾ ਪੇਸ਼ ਕੀਤਾ ਤੇ ਆਪ ਨੇ ਉਹ ਗਲੀਚਾ ਇਕ ਤਾਜੀ ਸੂਈ ਕੁੱਤੀ ਤੇ ਬੱਚਿਆਂ ਦੇ ਥੱਲੇ ਵਿਛਾ ਦਿੱਤਾ ਜੋ ਠੰਢ ਵਿਚ ਠਰ ਰਹੇ ਸਨ ਅਤੇ ਫਰਮਾਇਆ ਕਿ ਮੇਰਾ ਗਲੀਚਾ ਤਾਂ ਇਹ ਹਰਿਆ ਭਰਿਆ ਘਾਹ ਹੈ। ਆਪ ਜੀ ਨੇ ਸਮਝਾਉਣਾ ਕੀਤਾ ਕਿ ਸਾਡੀਆਂ ਖੁਸ਼ੀਆਂ ਸਭ ਵਿਅਰਥ ਹਨ ਜੇ ਕੋਲ ਬੈਠਾ ਕੋਈ ਜੀਵ ਦੁੱਖੀ ਹੋਵੇ। ਇਸ ਅਸਥਾਨ ਤੇ ਹੁੰਮ ਹੁੰਮਾ ਕੇ ਸੰਗਤ ਆਉਂਦੀ ਹੈ ਤੇ ਗੁਰੂ ਨਾਨਕ ਦੀਆਂ ਖੁਸ਼ੀਆਂ ਬਟੋਰਦੀ ਹੈ। ਗੁਰੂ ਕਾ ਲੰਗਰ ਵੀ ਚਲਦਾ ਰਹਿੰਦਾ ਹੈ।

ਸਿੰਧ ਵਿਚ ਹੀ ਗੁਰਦੁਆਰਾ ਨਨਕਾਣਾ ਕੰਧਕੋਟ, ਜ਼ਿਲ੍ਹਾ ਜੈਕਬਆਬਾਦ (ਸਿੰਧ) ਪੈਂਦਾ ਹੈ। ਇਹ ਪਾਵਨ ਅਸਥਾਨ ਸੁਨਿਆਰ ਬਾਜ਼ਾਰ ਅੰਦਰ ਸਥਿਤ ਹੈ। ਇਸ ਮੁਹੱਲੇ ਨੂੰ ਨਾਨਕਵਾੜਾ ਵੀ ਆਖਿਆ ਜਾਂਦਾ ਹੈ। ਇਸ ਅਸਥਾਨ ਨੂੰ ਨਾਨਕ ਦਰਬਾਰ ਕਰਕੇ ਵੀ ਜਾਣਿਆ ਜਾਂਦਾ ਹੈ। ਇਥੇ ਧੰਨਾ ਸਿੰਘ ਜੀ ਪੁਜਾਰੀ ਸਨ (ਪਰ ਹੁਣ ਕੌਣ ਹੋ ਇਸ ਬਾਰੇ ਕੋਈ ਪਤਾ ਨਹੀਂ ਚੱਲ ਸਕਿਆ)।

ਦਰਬਾਰ ਦੇ ਨਾਲ ਕਾਲੀ ਮਾਤਾ ਦਾ ਮੰਦਰ, ਸ੍ਰੀ ਰਾਮ ਜੀ ਦਾ ਮੰਦਰ ਤੇ ਹਨੂੰਮਾਨ ਜੀ ਦਾ ਮੰਦਰ ਵੀ ਸਥਿਤ ਹੈ। ਇਹਨਾਂ ਸਾਰਿਆਂ ਤੇ ਪੂਜਾ ਹੁੰਦੀ ਹੈ (ਵੇਰਵਾ : ਇਕਬਾਲ ਕੈਸਰ ਜੀ ਦੀ ਕਿਤਾਬ ਪਾਕਿਸਤਾਨ ਵਿਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ) ਦਿਵਾਲੀ, ਜਨਮ ਅਸ਼ਟਮੀ ਅਤੇ ਗੁਰਪੁਰਬ ਸਤਿਗੁਰ ਨਾਨਕ ਦੇਵ ਜੀ ਤੇ ਭਾਰੀ ਦੀਵਾਨ ਸੱਜਦੇ ਹਨ। ਇਥੇ ਸੰਗਤਾਂ ਦੀ ਗਿਣਤੀ ਹਜ਼ਾਰਾਂ ਵਿਚ ਹੁੰਦੀ ਹੈ। ਦਰਬਾਰ ਹੀ ਬਹੁਤ ਸੁਹਣਾ ਅਤੇ ਦੋ ਮੰਜ਼ਲਾਂ ਬਣਿਆ ਹੋਇਆ ਹੈ। ਭਾਵੇਂ ਕਿ ਕਾਫੀ ਸਦੀਆਂ ਬੀਤ ਗਈਆਂ ਹਨ ਪਰ ਸੰਗਤ ਦਾ ਅੱਜ ਵੀ ਗੁਰੂ ਨਾਨਕ ਦੇਵ ਜੀ ਨਾਲ ਅਥਾਹ ਪਿਆਰ ਤੇ ਸਤਿਕਾਰ ਬਰਕਰਾਰ ਹੈ।

**ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥**

**ਪਾਰਬ੍ਰਹਮ ਆਪਣੀ ਨਿਜ ਇੱਛਾ ਅਨੁਸਾਰ ਹੀ ਆਪਣੇ ਸਰਗੁਣ ਸਰੂਪ ਧਾਰਨ ਕਰਦਾ ਹੈ ਅਤੇ ਜਗਤ ਨੂੰ ਪੈਦਾ ਕਰਨ ਅਤੇ ਪਾਲਣਾ ਕਰਨ ਦੀ ਮਰਿਆਦਾ ਵੀ ਆਪੇ ਹੀ ਕਰਦਾ ਹੈ। ਅਵਤਾਰ ਧਾਰ ਕੇ ਦੁਸ਼ਟਾਂ ਦਾ ਨਾਸ਼ ਵੀ ਕਰਦਾ ਹੈ ਅਤੇ ਸੰਤ ਜਨਾਂ ਨੂੰ ਨਿਜੀ ਸਰੂਪ ਦਾ ਗਿਆਨ ਵੀ ਬਖਸ਼ਦਾ ਹੈ। ਫਿਰ ਉਹੀ ਨਿਰ ਇੱਛਾ ਹੋ ਕੇ ਆਪਣਾ ਨਿਰਗੁਣ ਰੂਪ ਧਾਰ ਲੈਂਦਾ ਹੈ ਅਤੇ ਅਕਾਰ ਨੂੰ ਵਿਲੀਨ ਕਰ ਲੈਂਦਾ ਹੈ। ਇਹ ਬਿਲਕੁਲ ਇਸ ਤਰ੍ਹਾਂ ਹੈ, ਜਿਵੇਂ ਕੋਈ ਰਾਜਾ ਆਪਣੀ ਇੱਛਾ ਅਨੁਸਾਰ ਵਸਤਰ ਸ਼ਸਤਰ ਪਹਿਨ ਕੇ ਆਪਣੀ ਸਭਾ ਵਿਚ ਖੁਸ਼ੀ ਸਹਿਤ ਆਣ ਬੈਠੇ। ਪਰ ਜਦੋਂ ਉਸ ਦੀ ਇੱਛਾ ਹੁੰਦੀ ਹੈ, ਉਹ ਸਭ ਸਭਾ ਨੂੰ ਤਿਆਗ ਕੇ, ਬਸਤਰ ਸ਼ਸਤਰ ਤਿਆਗ ਦੇਵੇ ਅਤੇ ਇਕੱਲਾ ਹੋ ਕੇ ਆਪਣੀ ਸੇਜਾਂ ਉੱਪਰ ਅਰਾਮ ਕਰੇ। ਉਸ ਸਮੇਂ, ਉਸ ਨੂੰ ਕੋਈ ਨਹੀਂ ਦੇਖ ਸਕਦਾ। ਪਰ ਰਾਜੇ ਕੋਲ ਫਰਿਆਦਾਂ (ਅਰਦਾਸਾਂ) ਕਰਨ ਵਾਲੇ ਨਿਰੰਤਰ ਉਸ ਦਾ ਨਾਮ ਲੈ ਕੇ, ਰਾਜ ਹੁੰਦੇ ਹਨ ਅਤੇ ਮਹਿਮਾ ਕਰਦੇ ਹਨ। ਰਾਜਾ ਭਾਵੇਂ ਸਭਾ ਵਿਚ ਹੋਵੇ ਜਾਂ ਮਹਿਲਾਂ ਦੇ ਅੰਦਰ ਹੋਵੇ, ਪਰ ਉਹ ਸਭ ਦੀਆਂ ਫਰਿਆਦਾਂ ਵੀ ਸੁਣਦਾ ਹੈ, ਮਹਿਮਾ ਵੀ ਸੁਣਦਾ ਹੈ ਅਤੇ ਨਿਆਂ ਵੀ ਕਰਦਾ ਹੈ। ਬੱਸ ਗੁਰੂ ਨਾਨਕ ਦੇਵ ਜੀ ਨੇ, ਆਪਣੇ ਸਿੱਖ ਵਾਸਤੇ ਉਪਾਸਨਾ ਕਰਨ ਦੀ ਮਰਿਆਦਾ ਇਸੇ ਤਰ੍ਹਾਂ ਦੀ ਦਰਸਾਈ ਹੈ। ਸਿੱਖ ਨੇ ਪ੍ਰਭੂ ਦਾ ਨਾਮ ਦੋਵਾਂ ਰੂਪਾਂ ਵਿਚ ਹੀ ਸਿਮਰਨਾ ਹੈ, ਨਿਰਗੁਣ ਵੀ ਤੇ ਸਰਗੁਣ ਵੀ। ਸਰਗੁਣ ਰੂਪ ਵਿਚ ਉਸ ਦਾ ਨਾਮ ਸਤਸੰਗ ਵਿਚੋਂ ਸੁਣਨ ਨਾਲ ਵੀ ਉਹ ਪ੍ਰਸੰਨ ਹੁੰਦਾ ਹੈ ਅਤੇ ਨਿਰਗੁਣ ਰੂਪ ਵਿਚ ਨਾਮ ਜਪਣ ਨਾਲ ਵੀ ਉਹ ਆਤਮ ਗਿਆਨ ਬਖਸ਼ਦਾ ਹੈ।**

# ਭਗਤ ਰਵਿਦਾਸ ਜੀ ਦਾ ਰੂਹਾਨੀ ਉਪਦੇਸ਼

ਜਸਬੀਰ ਸਿੰਘ ਸਾਬਰ (ਡਾ.)

ਮੱਧ ਯੁਗ ਤੋਂ ਅੱਜ ਤੱਕ ਮਾਨਵ-ਸਮਾਜ ਦੇ ਮਨੁੱਖ ਦੀ ਨਿਰੰਤਰ ਤ੍ਰਾਸਦੀ ਬਣੀ ਹੋਈ ਹੈ ਕਿ ਇਸ ਦੀ ਰੁਚੀ ਉਨ੍ਹਾਂ ਪ੍ਰਾਪਤੀਆਂ ਵੱਲ ਵਧੇਰੇ ਹੁੰਦੀ ਹੈ ਜੋ ਸੌਖਿਆਂ ਤੇ ਜਲਦੀ ਪ੍ਰਾਪਤ ਹੋ ਜਾਣ। ਹਾਲਾਂਕਿ ਅਜਿਹੀਆਂ ਪ੍ਰਾਪਤੀਆਂ ਕੇਵਲ ਵਕਤੀ ਲੋੜਾਂ ਪੂਰੀਆਂ ਕਰਨ ਵਾਲੀਆਂ ਤੇ ਥੋੜ੍ਹਚਿਰੀ ਖੁਸ਼ੀ ਦੇਣ ਵਾਲੀਆਂ ਹੀ ਹੁੰਦੀਆਂ ਹਨ। ਇਸ ਤ੍ਰਾਸਦੀ ਦਾ ਸ਼ਿਕਾਰ ਮਨੁੱਖ, ਸਿਧਾਂਤ ਦੀ ਸਾਰਥਿਕਤਾ ਨੂੰ ਛੱਡ ਕੇ ਸਿਧਾਂਤ ਸੰਚਾਰ ਦੀ ਪੂਜਾ ਕਰਨੀ ਆਰੰਭ ਦਿੰਦਾ ਹੈ। ਮਨੁੱਖ ਦੀ ਇਸ ਰੁਚੀ ਨੇ ਹੀ ਦੇਹ-ਪੂਜਾ ਅਤੇ ਨਿੱਜਵਾਦ ਨੂੰ ਪ੍ਰਫੁੱਲਤ ਕੀਤਾ। ਅੱਜ ਸਥਿਤੀ ਇਹ ਬਣ ਗਈ ਹੈ ਕਿ ਮਨੁੱਖ ਦੀ ਮਾਨਸਿਕਤਾ ਪਦਾਰਥਕ ਸੁਖਾਂ ਦੀ ਗ੍ਰਿਫ਼ਤ ਵਿਚ ਅਜਿਹੀ ਜਕੜੀ ਜਾ ਚੁੱਕੀ ਹੈ ਕਿ ਉਹ ਪਰਮਾਰਥ ਦੀ ਗੱਲ ਮੰਨਣੀ ਤਾਂ ਇਕ ਪਾਸੇ ਰਹੀ ਸੁਣਨੀ ਵੀ ਪਸੰਦ ਨਹੀਂ ਕਰ ਰਿਹਾ।



ਮਾਨਵ-ਚੇਤਨਾ ਦੀ ਇਸ ਸਥਿਤੀ ਦੇ ਦੋ ਕਾਰਨ ਸਪੱਸ਼ਟ ਰੂਪ ਵਿਚ ਨਜ਼ਰ ਆਉਂਦੇ ਹਨ। ਪਹਿਲਾ ਕਾਰਨ ਹੈ ਮਨੁੱਖ ਨੂੰ ਬਚਪਨ ਤੋਂ ਹੀ ਘਰ ਵਿਚੋਂ ਸੁਚੱਜਾ ਅਧਿਆਤਮਕ ਵਾਤਾਵਰਨ ਨਾ ਮਿਲਣਾ, ਜਿਸ ਕਰਕੇ ਉਹ ਸੁੱਚੀਆਂ ਅਧਿਆਤਮਕ ਕਦਰਾਂ-ਕੀਮਤਾਂ ਤੋਂ ਅਗਿਆਨੀ ਹੁੰਦਾ ਹੈ। ਉਸ ਨੂੰ ਜਨਮ ਤੋਂ ਹੀ ਇਕ ਅਜਿਹਾ ਸੰਕੀਰਨ, ਕੱਟੜਵਾਦੀ ਮਾਹੌਲ ਪ੍ਰਾਪਤ ਹੁੰਦਾ ਹੈ ਜੋ ਉਸ ਨੂੰ ਮਾਨਵ-ਭਾਈਚਾਰੇ ਅਤੇ ਸਰਬ ਸਾਂਝੀਵਾਲਤਾ ਅਤੇ ਸਭਿਆਚਾਰ ਤੋਂ ਨਿਖੇੜ ਕੇ ਰੱਖਦਾ ਹੈ। ਦੂਜਾ ਪ੍ਰਮੁੱਖ ਕਾਰਨ ਹੈ ਸਮਾਜ ਦੇ ਉਨ੍ਹਾਂ ਧਾਰਮਕ ਆਗੂਆਂ ਦੀ ਅਪ੍ਰਸੰਗਕ ਭੂਮਿਕਾ ਜਿਨ੍ਹਾਂ ਦਾ ਆਪਣਾ ਨਿੱਜ ਪੱਧਰਾ ਜੀਵਨ, ਲੋਕ-ਮਾਨਸ ਦੀ ਚੇਤਨਾ ਵਿਚ ਅਜਿਹਾ ਰੋਲ-ਮਾਡਲ ਪੇਸ਼ ਕਰਦਾ ਹੈ ਜੋ ਮਾਨਵ-ਸਮਾਜ ਦੇ ਵਿਕਾਸ-ਕਾਰਜ ਲਈ ਰੁਕਾਵਟ ਬਣ ਜਾਂਦਾ ਹੈ। ਕਿਸੇ ਵੀ ਚਿੰਤਨ ਦੀ ਪਰਖ/ਪੜਚੋਲ ਦਾ ਮੁੱਲ ਹੀ ਇਸ ਗੱਲ ਤੋਂ ਪਤਾ ਚੱਲਦਾ ਹੈ ਕਿ ਉਸ ਦਾ ਮਾਨਵੀ ਕਦਰਾਂ-ਕੀਮਤਾਂ ਨਾਲ ਸਰੋਕਾਰ ਕਿਸ ਮਾਤਰਾ ਵਿਚ ਜੁੜਿਆ ਹੋਇਆ ਹੈ। ਇਹ ਇਕ ਅਟੱਲ ਸੱਚਾਈ ਹੈ ਕਿ ਜੇਕਰ ਧਰਮ-ਚਿੰਤਨ ਸੁਘੜ ਤੇ ਸੁਜਾਨ ਪੁਰਸ਼ਾਂ ਦੇ ਹੱਥਾਂ ਵਿਚ ਹੋਵੇਗਾ ਤਾਂ ਮਾਨਵ ਸਮਾਜ ਦਾ ਸਿਰਜਨ ਤੇ ਪਾਲਣ-ਪੋਸ਼ਣ ਵੀ ਨਰੋਆ ਹੋਵੇਗਾ। ਪਰ ਜਦੋਂ ਗਿਆਨ ਦੇਣ ਵਾਲੇ ਆਗੂ ਹੀ ਅਗਿਆਨੀ ਅਤੇ ਅਨੈਤਿਕ ਰੁਚੀਆਂ ਦਾ ਸ਼ਿਕਾਰ ਹੋ ਜਾਣ ਜਾਂ ਨਿੱਜ-ਕਲਿਆਣ ਤੱਕ ਸੀਮਤ ਹੋ ਜਾਣ ਤਾਂ ਮਾਨਵ ਸਮਾਜ ਦਾ ਗ੍ਰਾਫ ਹੇਠਾਂ ਵੱਲ ਹੀ ਆਵੇਗਾ। ਸੱਚੀ ਗੱਲ ਤਾਂ ਇਹ ਹੈ ਕਿ ਅਜਿਹੀ ਪ੍ਰਸਥਿਤੀ ਵਿਚ ਮਾਨਵਤਾ ਅਤੇ ਧਰਮ ਦਾ ਆਪਸੀ ਰਿਸ਼ਤਾ ਹੀ ਟੁੱਟ ਜਾਂਦਾ ਹੈ ਜਿਸ ਦੇ ਫਲਸਰੂਪ ਨੈਤਿਕ ਕਦਰਾਂ-ਕੀਮਤਾਂ ਦਾ ਪ੍ਰਸੰਗ ਹੀ ਗੁਆਚ ਜਾਂਦਾ ਹੈ। ਕੁਝ ਅਜਿਹੀ ਹੀ ਪ੍ਰਸਥਿਤੀ ਸੀ ਭਗਤ ਰਵਿਦਾਸ ਜੀ ਦੇ ਸਮਕਾਲੀ ਮਾਨਵ-ਸਮਾਜ ਦੀ ਜਿਸ ਵਿਚ ਦਲਿਤ ਵਰਗ ਦਾ ਬੁਰੀ ਤਰ੍ਹਾਂ ਸ਼ੋਸ਼ਣ ਕੀਤਾ ਜਾ ਰਿਹਾ ਸੀ।

ਭਗਤ ਰਵਿਦਾਸ ਜੀ ਦੇ ਸਮਕਾਲੀ ਸਮਾਜ ਦਾ ਧਰਮ-ਚਿੰਤਨ ਇਕ ਪਾਸੇ ਭੂਤਮੁਖੀ ਵਹਿਮਾਂ-ਭਰਮਾਂ ਦਾ ਸ਼ਿਕਾਰ ਸੀ ਅਤੇ ਦੂਜੇ ਪਾਸੇ ਭਵਿੱਖਮੁਖੀ ਲਾਰੇ-ਲੱਪੇ ਲਾਉਣ ਤੋਂ ਇਲਾਵਾ ਕੁਝ ਵੀ ਨਹੀਂ ਸੀ, ਜਿਸ ਕਰਕੇ ਅਧਿਆਤਮਕ ਕਦਰਾਂ-ਕੀਮਤਾਂ ਪੂਰੀ ਤਰ੍ਹਾਂ ਖੜੋਤ-ਗ੍ਰਸਤ ਸਨ। ਲੋਕ-ਮਾਨਸ ਦੀ ਚੇਤਨਾ ਵਿਚ ਪ੍ਰਭੂ-ਭਗਤੀ ਮਨਫ਼ੀ ਸੀ ਅਤੇ ਨਿੱਜ-ਭਗਤੀ ਦਾ ਬੋਲਬਾਲਾ ਸੀ। ਅਧਿਆਤਮਕ ਖੇਤਰ ਤੋਂ ਇਲਾਵਾ ਸਮਾਜਕ, ਆਰਥਕ ਅਤੇ ਰਾਜਨੀਤਕ ਖੇਤਰ ਵਿਚ ਵੀ ਮਾਨਵ-ਜੀਵਨ ਅਸੰਤੁਲਤ (unbalanced) ਅਤੇ ਉਖੜਿਆ ਹੋਇਆ ਸੀ। ਇਸ ਸੰਦਰਭ ਵਿਚ ਦਲਿਤ ਵਰਗ ਦਾ ਜੀਵਨ ਮੌਤ ਨਾਲੋਂ ਵੀ ਭੈੜਾ ਸੀ ਜੋ ਜ਼ੁਲਮ ਸਿਤਮ ਦੇ ਦੋ ਪੁੜਾਂ ਵਿਚਕਾਰ ਬੁਰੀ ਤਰ੍ਹਾਂ ਪੀਸਿਆ ਜਾ ਰਿਹਾ ਸੀ। ਇਸ ਦਾ ਕਾਰਨ ਸੀ ਦੇਸ਼ ਦੀ ਵਾਂਗਡੋਰ ਵਿਦੇਸ਼ੀ ਹਾਕਮਾਂ ਦੇ ਹੱਥ ਵਿਚ ਹੋਣੀ ਜੋ ਤਲਵਾਰ ਦੇ ਜ਼ੋਰ ਨਾਲ ਇਕ ਪਾਸੇ ਦੇਸ਼ ਦੀ ਧਨ-ਦੌਲਤ ਲੁੱਟ ਰਹੇ ਸਨ ਅਤੇ ਤਲਵਾਰ ਦੇ ਜ਼ੋਰ ਨਾਲ ਇਸਲਾਮ ਫੈਲਾ ਰਹੇ ਸਨ। ਦੂਜੇ ਪਾਸੇ ਦੇਸ਼ ਦੇ ਹਿੰਦੂ ਰਾਜੇ ਆਪਸੀ ਫੁੱਟ ਦਾ ਸ਼ਿਕਾਰ ਹੋਣ ਕਾਰਨ ਵਿਦੇਸ਼ੀ ਹਕੂਮਤ ਦੀ ਸਿਰਦਾਰੀ ਪ੍ਰਵਾਨ ਕਰਕੇ, ਬਦਲੇ ਵਿਚ ਅਯਾਸ਼ੀ ਭਰਿਆ ਜੀਵਨ ਬਤੀਤ ਕਰਨ ਲਈ ਦਲਿਤ ਵਰਗ ਦੀਆਂ ਹੱਡੀਆਂ ਚੂਸ ਰਹੇ ਸਨ। ਹੈਰਾਨੀਜਨਕ ਤੱਥ ਇਹ ਹੈ ਕਿ ਦਲਿਤ ਵਰਗ ਨੂੰ ਲੁੱਟਣ ਲਈ ਦੋਵਾਂ ਕੌਮਾਂ ਦੇ ਹਾਕਮ ਤੇ ਪੁਜਾਰੀ ਇਕ ਦੂਜੇ ਦੇ ਸਹਾਇਕ ਬਣੇ ਹੋਏ ਸਨ। ਡਾ. ਈਸ਼ਵਰੀ ਪ੍ਰਸ਼ਾਦਿ ਠੀਕ ਹੀ ਲਿਖਦੇ ਹਨ ਕਿ:

**ਸ਼ਾਸ਼ਨ ਕੇ ਰੂਪ ਮੇਂ ਸੀਜ਼ਰ ਵ ਪੋਪ ਦੋਨੋਂ**

**ਇਕੱਤ੍ਰ ਹੋ ਗਏ ਥੇ।**

ਸ੍ਰੀ ਕੇ.ਐੱਮ. ਮੁਨਸ਼ੀ ਭਗਤ ਰਵਿਦਾਸ ਜੀ ਦੇ ਤਤਕਾਲੀ ਸਮਾਜ ਦੀ ਵਿਵਸਥਾ ਬਾਰੇ ਲਿਖਦੇ ਹਨ ਕਿ–

ਇਸ ਸਮੇਂ ਸਦੀਓਂ ਸੇ ਇਕੱਤ੍ਰ ਕੀ ਗਈ ਧਨ ਔਰ ਸੰਪਤੀ ਲੂਟ ਕਾ ਵਿਸ਼ਾ ਬਨੀ, ਔਰਤੋਂ ਕਾ ਅਪਹਰਨ ਔਰ ਬਲਾਤਕਾਰ, ਅਰਾਜਕਤਾ ਜੀਵਨ ਕਾ **ਹਿੱਸਾ ਬਨ ਗਿਆ ਥਾ।**

**ਇਸਲਾਮ ਕਾ ਪਰਚਮ ਚਾਰੋਂ ਓਰ ਲਹਿਰਾਨੇ ਲਗਾ।**

ਕੁਝ ਇਸ ਤਰ੍ਹਾਂ ਦੀ ਹੀ ਤਸਵੀਰ ਸ੍ਰੀ ਸਤਿਆ ਕੇਤੂ ਵਿਦਿਆਲੰਕਾਰ ਦਿਖਾਉਂਦੇ ਹਨ ਕਿ –

**ਨਾਰੀਓਂ ਕੇ ਸਤ ਕੋ ਭ੍ਰਸ਼ਟ ਕਰਨਾ ਔਰ ਇਸਲਾਮ ਧਰਮ ਕੋ ਸਵੀਕਾਰ ਕਰਨੇ ਕੇ ਲੀਏ ਵਿਵਸ਼ ਕਰਨਾ ਉਸ ਸਮੇਂ ਕੇ ਕਰੂਰ ਸ਼ਾਸਕੋਂ ਔਰ ਮੰਤਰੀਓਂ ਕਾ ਦੈਨਿਕ ਚਰਯਾ ਥਾ।**

ਧਰਮ–ਖੇਤਰ ਵਿਚ ਵਿਭਿੰਨ ਮੱਤ–ਮਤਾਂਤਰਾਂ ਦੀਆਂ ਪੂਜਾ ਵਿਧੀਆਂ ਤੇ ਕਰਮਕਾਂਡਾਂ ਕਾਰਨ ਹੋਂਦ 'ਚ ਆਈ ਧਰਮ ਵੰਡ ਦੀ ਤਸਵੀਰ ਤਾਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਰਚਨਾ ਵਿਚੋਂ ਵੀ ਭਲੀ ਪ੍ਰਕਾਰ ਵੇਖੀ ਜਾ ਸਕਦੀ ਹੈ :

**ਕਾਹੂ ਲੈ ਪਾਹਨ ਪੂਜ ਧਰਯੋ ਸਿਰ**
**ਕਾਹੂ ਲੈ ਲਿੰਗ ਗਰੇ ਲਟਕਾਇਓ॥**
**ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ**
**ਕਾਹੂ ਪਛਾਹ ਕੋ ਸੀਸੁ ਨਿਵਾਇਓ॥**
**ਕੋਊ ਬੁਤਾਨ ਕੋ ਪੂਜਤ ਹੈ ਪਸੁ**
**ਕੋਊ ਮ੍ਰਿਤਾਨ ਕੋ ਪੂਜਨ ਧਾਇਓ॥**
**ਕੂਰ ਕ੍ਰਿਆ ਉਰਝਿਓ ਸਭਹੀ ਜਗ**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥**

**(ਤ੍ਵਪ੍ਰਸਾਦਿ ਸਵੱਯੇ)**

ਸਮਾਜ ਦਾ ਉਪਰੋਕਤ ਵਰਣਨ ਰੂਪ ਸਿੱਧ ਕਰਦਾ ਹੈ ਕਿ ਇਸ ਸਮੇਂ ਦੇ ਮਾਨਵ ਦੀ ਬਿਰਤੀ ਦਾ ਇਕੋ ਇਕ ਸਰੋਕਾਰ ਸੀ ਕਿ ਹਰ ਉਚਿਤ ਅਨਉਚਿਤ ਢੰਗ ਨਾਲ ਮਾਨਵੀ ਸਮਾਜ ਦੇ ਹਰ ਖੇਤਰ ਵਿਚ ਜ਼ਰ, ਜ਼ੋਰੂ ਤੇ ਜ਼ਮੀਨ ਉੱਤੇ ਕਬਜ਼ਾ ਕਰਨਾ। ਨਿੱਜ–ਲਾਭ ਦੀ ਇਸ ਹਵਸ ਨੇ ਮਾਨਵੀ–ਰਿਸ਼ਤੇ ਦੀ ਸਾਂਝ ਮਨਫ਼ੀ ਕਰ ਦਿੱਤੀ ਹੋਈ ਸੀ। ਬੇਸ਼ੱਕ ਅਜੋਕੇ ਦੌਰ ਵਿਚ ਵੀ ਇਹ ਰੁਚੀ ਵਧੇਰੇ ਪ੍ਰਚੰਡ ਹੋ ਰਹੀ ਹੈ ਅਤੇ ਇਸ ਦੇ ਵਿਰੋਧ ਦੀ ਸੰਭਾਵਨਾ ਵੀ ਨਹੀਂ ਦਿਸ ਰਹੀ। ਇਸ ਦੇ ਨਾਲ ਹੀ ਅੰਸ਼–ਵੰਸ, ਕੁਲ ਪਰੰਪਰਾ, ਜਾਤੀਵਾਦ, ਕਰਮ–ਕਾਂਡ, ਰੂਪ ਰੰਗ, ਲਿੰਗ ਭੇਦ ਦੀ ਵਿਤਕਰੇ ਭਰੀ ਵੰਡ ਨੇ ਮਾਨਵ–ਸਮਾਜ ਦੀ ਆਪਸੀ ਸਾਂਝ ਨੂੰ ਬਖੇਰ ਕੇ ਰੱਖ ਦਿੱਤਾ ਸੀ। ਚਤੁਰ ਵਰਣ ਵਿਵਸਥਾ ਦਾ ਤਾਣਾ–ਪੇਟਾ ਇਸ ਪ੍ਰਕਾਰ ਦਾ ਸੀ ਕਿ ਉਸ ਨੇ ਦਲਿਤ–ਵਰਗ ਨੂੰ ਸੰਤਾਪ ਦੀ ਭੱਠੀ ਵਿਚ ਇਸ ਤਰ੍ਹਾਂ ਝੋਕਿਆ ਹੋਇਆ ਸੀ ਕਿ ਉਨ੍ਹਾਂ ਨੂੰ ਨਾ ਜਿਉਂਦਿਆਂ ਵਿਚ ਤੇ ਨਾ ਹੀ ਮਰਿਆਂ ਵਿਚ ਸ਼ੁਮਾਰ ਕੀਤਾ ਜਾ ਸਕਦਾ ਸੀ। ਇਸ ਵਿਵਸਥਾ ਅਧੀਨ ਛੂਆ–ਛਾਤ ਇਤਨੀ ਪ੍ਰਬਲ ਸੀ ਕਿ ਇਕ ਪਾਸੇ ਤਾਂ ਗਊ ਦੇ ਮਲ–ਮੂਤਰ ਨਾਲ ਨਵ–ਜੰਮੇ ਬੱਚੇ ਦਾ ਜਨਮ ਸੰਸਾਕਰ ਅਤੇ ਚੁੱਲ੍ਹਾ ਚੌਂਕਾ ਪਵਿੱਤਰ ਕੀਤਾ ਜਾਂਦਾ ਪਰ ਦੂਜੇ ਪਾਸੇ ਇਨ੍ਹਾਂ ਦੀ ਸੇਵਾ ਕਰਨ ਵਾਲੇ ਦਲਿਤ ਵਰਗ ਨੂੰ ਅਛੂਤ ਗਰਦਾਨ ਕੇ ਉਸ ਦੀ ਛੂਹ ਤੇ ਪਰਛਾਈ ਵਾਲੀ ਵਸਤ ਭਿੱਟੀ ਹੋਈ ਅਪਵਿੱਤਰ ਮੰਨਦਿਆਂ ਬਦਲੇ ਵਿਚ ਦਲਿਤ ਨੂੰ ਫਿਟਕਾਰਿਆ, ਦੁਰਕਾਰਿਆ, ਤ੍ਰਿਸਕਾਰਿਆ ਤੇ ਮਾਰਿਆ ਜਾਂਦਾ। ਅਜਿਹੀ ਵਿਵਸਥਾ ਨੇ ਦਲਿਤ ਵਰਗ ਨੂੰ ਠੀਕ ਸਮਝਣ ਸੋਚਣ ਦੇ ਸਮਰੱਥ ਵੀ ਨਾ ਰਹਿਣ ਦਿੱਤਾ। ਕਿਉਂਕਿ ਜੇਕਰ ਉਹ ਆਪਣਾ ਨਾਤਾ ਹਿੰਦੂ ਧਰਮ ਨਾਲ ਜੋੜਦਾ ਸੀ ਤਾਂ ਉਸ ਨੂੰ ਪ੍ਰਾਪਤ ਹੁੰਦਾ ਸੀ ਨਿੱਕੀ–ਨਿੱਕੀ ਗੱਲ ਬਦਲੇ ਤ੍ਰਿਸਕਾਰ ਤੇ ਧਿਰਕਾਰ ਜਿਸ ਦੇ ਫਲਸਰੂਪ ਉਹ ਹਮੇਸ਼ਾ ਹੀਨ–ਭਾਵਨਾ ਦਾ ਸ਼ਿਕਾਰ ਰਹਿੰਦਾ। ਪਰ ਜੇਕਰ ਉਹ ਲਾਲਚ ਵੱਸ ਇਸਲਾਮ ਧਰਮ ਨਾਲ ਜੁੜ ਜਾਂਦਾ ਸੀ ਤਾਂ ਬਿਗਾਨਾਪਨ ਤੇ ਆਰਥਕ ਮੰਦਹਾਲੀ ਉਥੇ ਵੀ ਉਸ ਦਾ ਪਿੱਛਾ ਨਹੀਂ ਸੀ ਛੱਡਦੀ। ਇਸ ਤਰ੍ਹਾਂ ਉਸਦੀ ਬਿਰਤੀ ਦਿਨ–ਬ–ਦਿਨ ਰੋਗੀ ਬਣਦੀ ਜਾ ਰਹੀ ਸੀ। ਇਹ ਇਕ ਅਟੱਲ ਸੱਚਾਈ ਹੈ ਕਿ ਹਰੇਕ ਵਿਅਕਤੀ ਤਤਕਾਲੀਨ ਪ੍ਰਸਥਿਤੀਆਂ ਤੋਂ ਪ੍ਰਭਾਵਤ ਹੁੰਦਾ ਹੈ ਅਤੇ ਉਸ ਦੇ ਵਿਕਾਸ ਤੇ ਵਿਨਾਸ਼ ਵਿਚ ਵੱਡੀ ਭੂਮਿਕਾ ਨਿਭਾਉਂਦਾ ਹੈ – ਤਤਕਾਲੀ ਸਮਾਜ। ਇਸ ਲਈ ਰੋਗੀ–ਬਿਰਤੀਆਂ ਦਾ ਸ਼ਿਕਾਰ ਮਾਨਵ, ਵਿਕਾਸ ਗਤੀ ਵਾਲੇ ਮਾਨਵ–ਸਮਾਜ ਦਾ ਵਿਕਸਿਤ ਨਿਰਮਾਣ ਕਰਨ ਦੇ ਯੋਗ ਨਹੀਂ ਹੋਇਆ ਕਰਦਾ। ਸੁੱਚੀਆਂ ਕਦਰਾਂ–ਕੀਮਤਾਂ ਵਾਲੇ ਸਮਾਜ ਦਾ ਨਿਰਮਾਣ–ਕਾਰਜ, ਅਰੋਗ ਰੁਚੀਆਂ ਵਾਲੇ ਮਾਨਵ ਹੀ ਕਰ ਸਕਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਦੇ ਅੰਕਤ ੪੦ ਸ਼ਬਦ ਇਸ ਤੱਥ ਨੂੰ ਉਭਾਰਦੇ ਹਨ ਕਿ ਭਗਤ ਜੀ ਨੇ ਦਲਿਤ ਵਰਗ ਦੀ ਰੋਗੀ ਬਿਰਤੀ ਨੂੰ ਅਰੋਗ ਕਰਨ ਲਈ ਉਨ੍ਹਾਂ ਵਿਚੋਂ ਹੀਨ ਭਾਵਨਾ ਨੂੰ ਖਤਮ ਕਰਨ ਹਿਤ ਆਪਣੀ ਅਲਾਹੀ ਬਾਣੀ ਦੇ ਮਿੱਠੜੇ ਬੋਲਾਂ ਨਾਲ ਉਸ ਸਮੇਂ ਦੇ ਮਹਾਂ–ਪੰਡਤਾਂ ਨੂੰ ਆਪਣੇ ਚਰਨਾਂ ਉੱਤੇ ਸੀਸ ਝੁਕਾਉਣ ਲਈ ਮਜਬੂਰ ਕਰ ਦਿੱਤਾ।

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**

**(ਮਲਾਰ ਰਵਿਦਾਸ ਜੀ, ਪੰਨਾ ੧੨੯੩)**

ਭਗਤ ਰਵਿਦਾਸ ਜੀ ਇਸ ਤੱਥ ਨੂੰ ਭਲੀ ਪ੍ਰਕਾਰ ਸਮਝਦੇ ਹਨ ਕਿ ਦਲਿਤ–ਵਰਗਾਂ ਦੀ ਰੋਗੀ ਚੇਤਨਾ ਨੂੰ ਅਰੋਗ ਕੀਤੇ ਬਗੈਰ, ਸੁੱਚੀਆਂ ਕਦਰਾਂ–ਕੀਮਤਾਂ ਵਾਲੇ ਮਾਨਵ–ਸਮਾਜ ਦਾ ਨਿਰਮਾਣ ਕਾਰਜ ਹੋ ਹੀ ਨਹੀਂ ਸਕਦਾ। ਏਸੇ ਲਈ ਉਨ੍ਹਾਂ ਨੇ ਆਪਣੀ ਬਾਣੀ ਵਿਚ ਦਲਿਤ–ਚੇਤਨਾ ਦੇ ਕਾਰਜ ਨੂੰ ਪ੍ਰਥਮਤਾ ਦਿੱਤੀ।

ਏਥੇ 'ਦਲਿਤ–ਚੇਤਨਾ' ਬਾਰੇ ਵੀ ਸੰਖਿਪਤ ਚਰਚਾ ਕਰਨੀ ਤਰਕ ਸੰਗਤ ਲੱਗਦੀ ਹੈ ਤਾਂ ਜੋ ਇਸ ਦਾ ਮੰਤਵ–ਕਾਰਜ ਸਪੱਸ਼ਟ ਹੋ ਸਕੇ। ਮੇਰੇ ਵਿਚਾਰ ਅਨੁਸਾਰ 'ਦਲਿਤ–ਚੇਤਨਾ' ਦਾ ਮੁੱਖ ਮੰਤਵ ਮਨੁੱਖ ਦੀ ਸਮਾਜਕ ਬਰਾਬਰੀ ਨੂੰ ਉਭਾਰਨਾ ਅਤੇ ਮਾਨਵ–ਵੰਡ ਨੂੰ ਨਕਾਰਨਾ ਹੈ। ਦਲਿਤ ਚੇਤਨਾ ਦਾ ਆਸ਼ਾ, ਅਤੀਤਮੁਖੀ ਨਹੀਂ, ਭਵਿੱਖਮੁਖੀ ਹੋਇਆ ਕਰਦਾ ਹੈ। ਇਹ ਮਾਨਵ–ਚੇਤਨਾ ਵਿਚੋਂ ਹੀਨ–ਭਾਵਨਾ ਨੂੰ ਮਿਟਾ ਕੇ, ਸੱਚ ਦੇ ਰੂਪ ਵਿਚ ਸ੍ਵੈਮਨ ਨੂੰ ਜਗਾ ਕੇ ਚੰਗੇਰੇ ਜੀਵਨ–ਮੁੱਲਾਂ ਨੂੰ ਤਲਾਸ਼ ਕਰਨ ਵਿਚ ਸਦਾ ਤਤਪਰ ਰਹਿੰਦੀ ਹੈ।

ਦਲਿਤ ਚੇਤਨਾ, ਹਾਰੇ ਹੋਏ ਮਨੁੱਖ ਨੂੰ ਸ਼ਕਤੀ ਪ੍ਰਦਾਨ ਕਰਕੇ ਉਸ ਦੇ ਅੰਦਰਲੇ ਸੱਚ ਨੂੰ ਉਜਾਗਰ ਕਰਦਿਆਂ ਉਸ ਨੂੰ ਸੱਚ ਦੀ ਪ੍ਰਾਪਤੀ ਹਿਤ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪ੍ਰੇਰਨਾ ਦਿੰਦੀ ਹੈ। ਇਥੇ 'ਦਲਿਤ'

ਸ਼ਬਦ ਦੇ ਅਰਥ ਸਮਝਣੇ ਵੀ ਜ਼ਰੂਰੀ ਲੱਗਦੇ ਹਨ। 'ਦਲਿਤ' ਸ਼ਬਦ ਕਿਸੇ ਜਾਤੀ ਵਿਸ਼ੇਸ਼ ਦੇ ਦੁੱਖ ਦਰਦ ਜਾਂ ਸਮਾਜਕ ਵਿਵਸਥਾ ਦੀ ਕਰੂਰਤਾ ਦਾ ਹੀ ਲਖਾਇਕ ਨਹੀਂ ਸਗੋਂ ਇਕ ਵਿਵਸਥਾ ਪ੍ਰਤੀ ਵਿਚਾਰਧਾਰਕ ਅੰਦੋਲਨ ਦੇ ਸਰੂਪ ਨੂੰ ਵੀ ਨਿਸ਼ਚਿਤ ਕਰਦਾ ਹੈ। ਸੰਤ ਸਾਹਿਤ ਦੇ ਪ੍ਰਸਿੱਧ ਵਿਦਵਾਨ ਡਾ. ਮੈਨੇਜਰ ਪਾਂਡੇ ਠੀਕ ਹੀ ਆਖਦੇ ਹਨ ਕਿ –

**ਅਗਰ ਦਲਿਤ ਕਾ ਅਰਥ**
**ਗੁਲਾਮੀ ਕੀ ਸਥਿਤੀ ਮੇਂ ਰਹਿਨੇ ਵਾਲੋਂ ਸੇ ਹੀ ਹੋਤਾ**
**ਤੋ ਉਸ ਮੇਂ ਗਾਂਧੀ ਜੀ ਕੇ ਹਰੀਜਨ,**
**ਇਸ ਦੇਸ਼ ਕੇ ਆਦਿਵਾਸੀ ਔਰ**
**ਇਸਤਰੀਆਂ ਸਭੀ ਸ਼ਾਮਿਲ ਹੋ ਜਾਤੀ ਹੈਂ,**
**ਲੇਕਨ ਜਬ ਮੈਂ 'ਦਲਿਤ' ਸ਼ਬਦ ਕਾ**
**ਪ੍ਰਯੋਗ ਕਰਤਾ ਹੂੰ ਤੋ ਮੇਰੇ ਧਯਾਨ ਮੇਂ ਦਲਿਤ**
**ਵੋਹ ਲੋਗ ਹੈਂ ਜਿਨ੍ਹੇਂ ਭਾਰਤ**
**ਵਰਣ-ਵਿਵਸਥਾ ਮੇਂ ਦਲਿਤ ਕਹਾ ਜਾਤਾ ਹੈ,**
**ਸਮਾਜ ਮੇਂ ਅਛੂਤ ਮਾਨਾ ਜਾਤਾ ਹੈ।**

ਦਰਅਸਲ ਭਾਰਤੀ ਸਮਾਜ ਦਾ ਤਾਣਾ–ਪੇਟਾ ਕੁਝ ਇਸ ਤਰ੍ਹਾਂ ਦਾ ਬੁਣਿਆ ਹੋਇਆ ਹੈ ਜਿਥੇ ਅਖੌਤੀ ਨੀਵੀਂ ਜਾਤ ਦਾ ਮਨੁੱਖ, ਮਾਨਵ ਸਮਾਜ ਦੇ ਹਰ ਖੇਤਰ ਵਿਚ ਮਾਨਸਕ ਯਾਤਨਾਵਾਂ ਅਤੇ ਆਰਥਕ ਥੋੜ੍ਹਾਂ ਕਾਰਨ ਅਜਿਹੀ ਕਿਸਮ ਦੀ ਭਿਆਨਕ ਦਸ਼ਾ ਵਾਲਾ ਜੀਵਨ ਜਿਊਂਦਾ ਸੀ ਜੋ ਆਮ ਪੀੜਤ ਮਨੁੱਖ ਨਾਲੋਂ ਵੱਖਰੀ ਕਿਸਮ ਦਾ ਸੀ। ਉਹ ਇਕ ਅਜਿਹਾ ਦਲਿਆ ਮਨੁੱਖ ਹੁੰਦਾ ਸੀ ਤੇ ਹੈ ਜੋ ਹਰ ਪੱਧਰ 'ਤੇ ਅਣਗੌਲਿਆ ਰਹਿੰਦਾ। ਮੇਰੀ ਜਾਚੇ ਅਜਿਹਾ ਮਨੁੱਖ ਹੀ 'ਦਲਿਤ' ਹੈ।

ਆਦਿ ਕਾਲ ਵਿਚ ਵਰਣ–ਵਿਵਸਥਾ ਮਾਨਵ–ਘਿਰਣਾ ਪੈਦਾ ਕਰਨ ਵਾਲੀ ਨਹੀਂ ਸੀ ਸਗੋਂ ਇਸ ਦਾ ਆਰੰਭ ਸਮਾਜਕ ਭਲਾਈ ਅਤੇ ਕਿੱਤਾ–ਨਿਪੁੰਨਤਾ ਨੂੰ ਸਨਮੁਖ ਰੱਖ ਕੇ ਕੀਤਾ ਗਿਆ ਸੀ। ਪਰ ਸਮਾਂ ਬੀਤਣ 'ਤੇ ਪੁਜਾਰੀ ਅਤੇ ਹਾਕਮ ਵਰਗ ਦੀ ਖੁਦਗਰਜ਼ੀ, ਲੋਭ, ਲਾਲਚ ਅਤੇ ਆਕੜ ਨੇ ਇਸ ਸੰਸਥਾ ਨੂੰ ਦੂਸ਼ਿਤ ਕਰ ਦਿੱਤਾ। ਵਿੱਦਿਆ ਆਡੰਬਰ, ਆਰਥਕ ਲੁੱਟ–ਖੋਹ, ਦੁਸ਼ਤ ਅਣਮਨੁੱਖੀ ਸਮਾਜਕ ਵਰਤਾਰਾ, ਅਨੈਤਿਕ ਜੀਵਨ ਮੁੱਲ ਸਮਾਜ ਵਿਚ ਪੱਕੇ ਪੈਰੀਂ ਸਥਾਪਤ ਹੋ ਗਏ ਜਿਸ ਦੇ ਫਲਸਰੂਪ ਮਾਨਵ ਜੀਵਨ ਦੇ ਵਿਕਾਸਮਈ ਮੁੱਲਾਂ ਦੇ ਅਰਥ ਹੀ ਗੁਆਚ ਗਏ। ਉਚ–ਨੀਚ ਤੇ ਜਾਤੀਵਾਦ ਦੀ ਲਹਿਰ ਨੇ ਮਾਨਵ–ਸਮਾਜ ਦੀ ਚਿੱਟੀ ਚਾਦਰ ਲਹੂ–ਲੁਹਾਨ ਕਰ ਦਿੱਤੀ। ਇਥੋਂ ਤੱਕ ਕਿ ਧਰਮ–ਕਰਮ ਇਕ ਵਿਸ਼ੇਸ਼ ਵਰਗ ਦੀ ਅਜ਼ਾਰੇਦਾਰੀ ਬਣ ਕੇ ਰਹਿ ਗਿਆ ਅਤੇ ਹਕੂਮਤ 'ਤੇ ਕਬਜ਼ਾ, ਖੱਤਰੀਆਂ ਦਾ ਹੋ ਗਿਆ। ਇਸ ਵਿਵਸਥਾ ਵਿਚ ਸ਼ੂਦਰ ਅਥਵਾ ਦਲਿਤ ਪੂਰੀ ਤਰ੍ਹਾਂ ਅਣਫਿੱਟ ਸੀ। ਭਗਤ ਰਵਿਦਾਸ ਜੀ ਨੇ ਸਮਾਜ ਵਿਚ ਫੈਲੀ ਇਸ ਵਿਵਸਥਾ ਨੂੰ ਪਹਿਲਾਂ ਚੰਗੀ ਤਰ੍ਹਾਂ ਸਮਝਿਆ, ਵਿਚਾਰਿਆ ਅਤੇ ਫੇਰ ਇਸ ਦਾ ਸਮਾਧਾਨ ਪ੍ਰਸਤੁਤ ਕੀਤਾ।

ਦਲਿਤ–ਚੇਤਨਾ ਦੇ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਦਾ ਪਹਿਲਾ ਕਾਰਜ ਸੀ ਮਾਨਵ–ਚੇਤਨਾ ਵਿਚ ਅਧਿਆਤਮਕ ਪੱਧਰ 'ਤੇ ਸ੍ਵੈ–ਚੇਤਨਾ ਦਾ ਉਭਾਰ ਪੈਦਾ ਕਰਨਾ ਅਤੇ ਉਨ੍ਹਾਂ ਦੀ ਪਤਨਮੁਖੀ ਚੇਤਨਾ ਨੂੰ ਜਾਗਰਿਕ ਕਰਨਾ। ਨਿਰਸੰਦੇਹ ਭਗਤ ਰਵਿਦਾਸ ਜੀ ਦਾ ਭਾਈਚਾਰਾ, ਇਕ ਅਜਿਹੇ ਗੰਧਲੇ ਮਾਹੌਲ ਵਿਚ ਰਹਿੰਦਾ ਸੀ ਜੋ ਮਰੇ ਹੋਏ ਪਸ਼ੂਆਂ ਨੂੰ ਢੋਣ ਦੀ ਕਾਰ ਕਰਦੇ ਸਨ। ਹਾਕਮਾਂ ਦੀ ਵਗਾਰ ਕਰਨੀ ਅਤੇ ਪੁਜਾਰੀਆਂ ਦੀ ਫਿਟਕਾਰ ਸਹਿਣੀ ਇਸ ਵਰਗ ਦਾ ਨਿੱਤ–ਕਰਮ ਸੀ। ਅਜਿਹੇ ਕਸ਼ਟ ਭਰੇ ਮਾਹੌਲ ਵਿਚ ਕਿਸੇ ਵਿਅਕਤੀ ਵੱਲੋਂ ਵਿਕਾਸ–ਮਾਰਗ 'ਤੇ ਤੁਰਨ ਦਾ ਹੌਂਸਲਾ ਕਰਨਾ ਬੜਾ ਕਠਨ ਕਾਰਜ ਹੈ, ਕ੍ਰਿਆਤਮਕ ਕਾਰਜ ਕਰਨ ਦੀ ਗੱਲ ਤਾਂ ਸੋਚੀ ਵੀ ਨਹੀਂ ਜਾ ਸਕਦੀ।

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**

**(ਮਲਾਰ ਰਵਿਦਾਸ ਜੀ, ਪੰਨਾ ੧੨੯੩)**

ਪਰ ਇਹ ਚਮਤਕਾਰ ਕਰ ਵਿਖਾਇਆ ਰਵਿਦਾਸ ਜੀ ਨੇ ਹਾਕਮ ਜਮਾਤ ਤੋਂ ਨਿਰਭਉ ਹੋ ਕੇ ਅਤੇ ਪੁਜਾਰੀਆਂ ਦੇ ਫਤਵਿਆਂ ਤੋਂ ਪਿੱਠ ਕਰਕੇ ਆਪਣੀ ਅੰਮ੍ਰਿਤਮਈ ਬਾਣੀ ਦੇ ਇਨ੍ਹਾਂ ਬੋਲਾਂ ਨਾਲ ਕਿ :

**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥**

**(ਸੋਰਠਿ ਰਵਿਦਾਸ ਜੀ, ਪੰਨਾ ੬੫੮)**

ਭਾਵ ਜਦੋਂ ਹਰ ਪ੍ਰਾਣੀ ਵਿਚ ਉਹ ਇਕੋ ਇਕ ਪਰਮਾਤਮਾ ਆਪ ਵਿਦਮਾਨ ਹੈ ਅਤੇ ਉਸ ਨੂੰ ਆਪ ਹੀ ਭੋਗ ਰਿਹਾ ਹੈ ਤਾਂ ਫਿਰ ਮਾਨਵ–ਅੰਤਰ ਪਾੜ ਕੈਸਾ? ਇਥੋਂ ਤਕ ਆਪ ਜੀ ਨੇ ਪਰਮਾਤਮਾ ਨੂੰ ਸੰਬੋਧਤ ਹੁੰਦੇ ਆਖਿਆ:

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥**
**ਕਨਕ ਕਟਿਕ ਜਲ ਤਰੰਗ ਜੈਸਾ॥**

**(ਸਿਰੀਰਾਗੁ, ਰਵਿਦਾਸ ਜੀ, ਪੰਨਾ ੯੩)**

ਭਾਵ – ਹੇ ਪ੍ਰਭੂ ! ਜਦੋਂ ਤੇਰੇ ਤੇ ਮੇਰੇ ਵਿਚਕਾਰ ਕੋਈ ਅੰਤਰ ਨਹੀਂ ਹੈ ਤਾਂ ਮਨੁੱਖ ਦੇ ਬਣਾਏ ਹੋਏ ਇਸ ਅੰਤਰ (ਵਰਣ–ਵੰਡ) ਦੀ ਕੀ ਸਾਰਥਕਤਾ ਰਹਿ ਜਾਂਦੀ ਹੈ? ਭਗਤ ਰਵਿਦਾਸ ਜੀ ਦੀ ਇਸ ਪਹੁੰਚ ਵਿਧੀ ਨੇ ਪ੍ਰਭੂ–ਭਗਤੀ ਦੇ ਕਿਵਾੜ ਹਰੇਕ ਵਿਅਕਤੀ ਲਈ ਖੋਲ੍ਹ ਦਿੱਤੇ ਅਤੇ ਲੋਕ–ਮਾਨਸ ਦੀ ਚੇਤਨਾ ਵਿਚ ਇਹ ਸਿਧਾਂਤ ਦ੍ਰਿੜ੍ਹ ਕਰ ਦਿੱਤਾ ਕਿ ਪਰਮਾਤਮਾ ਕੇਵਲ ਤੇ ਕੇਵਲ ਇਕ ਹੈ। ਉਹੋ ਸਭ ਦਾ ਸਿਰਜਨਹਾਰ, ਪਾਲਨਹਾਰ ਤੇ ਸੰਘਾਰਨਹਾਰ ਹੈ। ਉਸ ਪਰਮਾਤਮਾਂ ਦੀਆਂ ਨਜ਼ਰਾਂ ਵਿਚ ਵਰਣ–ਵੰਡ, ਧਰਮ–ਵੰਡ, ਸ਼੍ਰੇਣੀ–ਵੰਡ, ਲਿੰਗ ਭੇਦ ਵੰਡ ਆਦਿ ਕੋਈ ਕੀਮਤ ਨਹੀਂ ਰੱਖਦੀਆਂ। ਉਸ ਪਰਮਾਤਮਾਂ ਦੇ ਰੂਪ ਅਨੇਕ ਹੋ ਸਕਦੇ ਹਨ, ਨਾਮ ਅਨੇਕ ਹੋ ਸਕਦੇ ਹਨ ਪਰ ਉਸ ਦੀ ਪਰਮਜੋਤਿ ਇਕੋ ਇਕ ਹੈ। ਧਰਮ–ਖੇਤਰ ਵਿਚ ਭਗਤ ਰਵਿਦਾਸ ਜੀ ਦਾ ਇਹ ਅਜਿਹਾ ਪੈਂਤੜਾ ਸੀ ਜਿਸ ਨੇ ਵੱਡੇ–ਵੱਡੇ ਪੰਡਤਾਂ ਦੇ ਸਿਰ ਝੁਕਾ ਦਿੱਤੇ।

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚ ਗਲਤਾਨ ਮਨੁੱਖਾਂ ਨੂੰ ਸਿੱਧੇ ਰਾਹ 'ਤੇ ਲਿਆਉਣ ਲਈ ਆਪ ਦਾ ਸੰਦੇਸ਼ ਸੀ :

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥**
**ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ॥**

**(ਆਸਾ ਰਵਿਦਾਸ ਜੀ, ਪੰਨਾ ੪੮੬)**

ਦਿਨ ਰਾਤ ਧਨ–ਸੰਪਤੀ ਇਕੱਤਰ ਕਰਨ ਲਈ ਹਰ ਪ੍ਰਕਾਰ ਦੇ ਉਚਿਤ ਅਨਉਚਿਤ ਢੰਗ ਵਰਤਣ ਵਾਲੇ ਮਨੁੱਖ ਨੂੰ ਆਪ ਜੀ ਸੁਚੇਤ ਕਰਦੇ ਹਨ :

ਸੰਪਤਿ ਬਿਪਤਿ ਪਟਲ ਮਾਇਆ ਧਨੁ॥
ਤਾ ਮਹਿ ਮਗਨ ਹੋਤ ਨ ਤੇਰੋ ਜਨ॥
(ਆਸਾ ਰਵਿਦਾਸ ਜੀ, ਪੰਨਾ ੪੮੭)

ਭਗਤ ਰਵਿਦਾਸ ਜੀ ਦੀਆਂ ਨਜ਼ਰਾਂ ਵਿਚ ਪਰਮਾਤਮਾ ਨੂੰ ਖੁਸ਼ ਕਰਨ ਲਈ ਫੋਕੇ ਕਰਮਕਾਂਡ ਕਰਨ ਦੀ ਜੁਗਤ ਅਤੇ ਉਸ ਨੂੰ ਸੰਸਾਰੀ ਪਦਾਰਥ ਭੇਟ ਕਰਨ ਦੀਆਂ ਪੂਜਾ-ਪੱਧਤੀਆਂ ਕੋਈ ਸਾਰਥਕਤਾ ਨਹੀਂ ਰੱਖਦੀਆਂ ਕਿਉਂਕਿ ਇਨ੍ਹਾਂ ਨੂੰ ਵੱਖ-ਵੱਖ ਪੱਧਰਾਂ 'ਤੇ ਪਹਿਲਾਂ ਝੂਠਾ ਕਰ ਦਿੱਤਾ ਹੁੰਦਾ ਹੈ। ਸੱਚੀ-ਸੁੱਚੀ ਵਸਤ ਜੋ ਉਸ ਪਰਮਾਤਮਾਂ ਨੂੰ ਖੁਸ਼ ਕਰ ਸਕਦੀ ਹੈ ਉਹ ਹੈ ਕੇਵਲ ਉਸ ਨਾਲ ਕੀਤੀ ਜਾਣ ਵਾਲੀ ਸੱਚੀ-ਸੁੱਚੀ ਪ੍ਰੀਤ। ਏਸੇ ਲਈ ਭਗਤ ਰਵਿਦਾਸ ਜੀ ਸੱਚੀ ਪ੍ਰੀਤ ਦੀ ਗੱਲ ਕਰਦੇ ਹਨ:

ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥
(ਸੋਰਠਿ ਰਵਿਦਾਸ ਜੀ, ਪੰਨਾ ੬੫੯)

ਭਗਤ ਰਵਿਦਾਸ ਜੀ ਪ੍ਰੇਮ-ਜੁਗਤ ਨੂੰ ਬਹੁਤ ਹੀ ਮਹੱਤਤਾ ਦਿੰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪ੍ਰੇਮ-ਭਗਤ ਇਕ ਐਸਾ ਬੰਧਨ ਹੈ ਜੋ ਪਰਮਾਤਮਾ ਨੂੰ ਵੀ ਵੱਸ ਕਰ ਲੈਂਦਾ ਹੈ:

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥
(ਸੋਰਠਿ ਰਵਿਦਾਸ ਜੀ, ਪੰਨਾ ੬੫੮)

ਇਸ ਸੰਸਾਰ ਵਿਚ ਪੈਦਾ ਹੋਏ ਫਾਨੀ ਮਨੁੱਖ ਨੂੰ ਆਪ ਜੀ ਸਾਵਧਾਨ ਕਰਦੇ ਹਨ ਕਿ ਜਿਹੜੇ ਤੂੰ ਉੱਚੇ ਮਹਿਲ ਮਾੜੀਆਂ ਉਸਾਰੇ ਹੋਏ ਹਨ, ਇਨ੍ਹਾਂ ਦੀ ਪ੍ਰਾਪਤੀ ਖਾਤਰ ਹਰ ਪ੍ਰਕਾਰ ਦੇ ਅਨਉਚਿਤ ਢੰਗ ਵਰਤੇ ਹਨ ਅਤੇ ਆਪਣੀਆਂ ਮਨਮਾਨੀਆਂ ਪੁਗਾਉਣ ਲਈ ਕੋਈ ਵੀ ਅਨੈਤਿਕ ਕਰਮ ਕਰਨ ਤੋਂ ਝਿਜਕ ਨਹੀਂ ਵਿਖਾਈ, ਸੱਚ ਤਾਂ ਇਹ ਹੈ ਕਿ ਇਹ ਸਭ ਕੁਝ ਇਥੇ ਹੀ ਰਹਿ ਜਾਣਾ ਹੈ, ਮਨੁੱਖ ਦੇ ਨਾਲ ਨਹੀਂ ਜਾਣਾ:

ਊਚੇ ਮੰਦਰ ਸਾਲ ਰਸੋਈ॥
ਏਕ ਘਰੀ ਫੁਨਿ ਰਹਨੁ ਨ ਹੋਈ॥
(ਸੂਹੀ ਰਵਿਦਾਸ ਜੀ, ਪੰਨਾ ੭੯੪)

ਕਿਉਂਕਿ ਵਾਸਤਵ ਵਿਚ ਹਰ ਇਨਸਾਨ ਇਸ ਸੰਸਾਰ ਵਿਚ ਇਕ ਸੀਮਤ ਆਯੂ ਲੈ ਕੇ ਪੈਦਾ ਹੁੰਦਾ ਹੈ ਅਤੇ ਇਕ ਮੁਸਾਫਰ ਵਾਂਗ, ਆਪਣੀ ਉਮਰ ਭੋਗ ਕੇ ਇਸ ਸੰਸਾਰ ਰੂਪੀ ਸਰਾਂ ਨੂੰ ਖਾਲੀ ਕਰ ਜਾਂਦਾ ਹੈ:

ਪ੍ਰਾਨੀ ਕਿਆ ਮੇਰਾ ਕਿਆ ਤੇਰਾ॥ ਜੈਸੇ ਤਰਵਰ ਪੰਖਿ ਬਸੇਰਾ॥
(ਸੋਰਠਿ ਰਵਿਦਾਸ ਜੀ, ਪੰਨਾ ੬੫੯)

ਏਸੇ ਲਈ ਆਪ ਜੀ ਇਸ ਮਨੁੱਖਾ ਜਨਮ ਨੂੰ ਦੁਲੱਭ ਆਖਦਿਆਂ ਮਨੁੱਖ ਨੂੰ ਸਾਵਧਾਨ ਕਰਦੇ ਹਨ:

ਕਿਆ ਤੂ ਸੋਇਆ ਜਾਗੁ ਇਆਨਾ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ॥
(ਸੂਹੀ ਰਵਿਦਾਸ ਜੀ, ਪੰਨਾ ੭੯੪)

ਦਲਿਤ-ਚੇਤਨਾ ਦੇ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਵੱਲੋਂ ਆਪਣੀ ਬਾਣੀ ਵਿਚ ਪ੍ਰਸਤੁਤ ਕੀਤਾ ਗਿਆ 'ਬੇਗਮ ਪੁਰਾ ਸਹਰ ਕੋ ਨਾਉ' (ਗਉੜੀ ਰਵਿਦਾਸ ਜੀ, ਪੰਨਾ ੩੪੫) ਦਾ ਸੰਕਲਪ ਅੱਜ ਵੀ ਸਮੁੱਚੇ ਵਿਸ਼ਵ ਨੂੰ ਪਿਆਰ-ਭਰੀਆਂ ਗਲਵਕੜੀਆਂ ਪਾਉਣ ਦੇ ਸਮਰੱਥ ਹੋ ਸਕਦਾ ਹੈ, ਜੇਕਰ ਇਸ ਦੀ ਮੂਲ ਭਾਵਨਾ ਸਮਝ ਕੇ ਇਸ ਉਪਰ ਅਮਲ ਕੀਤਾ ਜਾਵੇ।

ਇਸ ਤਰ੍ਹਾਂ ਭਗਤ ਰਵਿਦਾਸ ਬਾਣੀ ਦਾ ਦਲਿਤ ਪ੍ਰਸੰਗ ਉਸ ਮਾਨਵ-ਸਮਾਜ ਦੀ ਆਧਾਰਸ਼ਿਲਾ ਰੱਖਦਾ ਹੈ ਜਿਥੇ ਧਰਮ-ਵੰਡ, ਵਰਣ-ਵੰਡ, ਸ਼੍ਰੇਣੀ-ਵੰਡ, ਨਸਲ-ਵੰਡ ਆਦਿ ਲਈ ਕੋਈ ਥਾਂ ਨਹੀਂ। ਆਪ ਜੀ ਦੀ ਸਮੁੱਚੀ ਬਾਣੀ ਵਿਚ ਇਕ ਵੀ ਅਜਿਹਾ ਸ਼ਬਦ ਪ੍ਰਾਪਤ ਨਹੀਂ ਹੁੰਦਾ ਜੋ ਕਿਸੇ ਵੀ ਪ੍ਰਾਣੀ ਦੇ ਮਨ ਮੰਦਰ ਨੂੰ ਠੇਸ ਪਹੁੰਚਾਉਣ ਦਾ ਕਾਰਨ ਬਣ ਸਕਦਾ ਹੋਵੇ। ਏਥੋਂ ਤਕ ਕਿ ਇਹ ਉਸ ਮਾਣ-ਮੱਤੇ ਵਰਗ ਨੂੰ ਵੀ ਪ੍ਰੇਮਮਈ ਬੋਲਾਂ ਨਾਲ ਸੰਬੋਧਿਤ ਹੁੰਦੇ ਹਨ ਜਿਨ੍ਹਾਂ ਦੀਆਂ ਸੰਕੀਰਨ ਰੁਚੀਆਂ ਕਾਰਨ ਦਲਿਤ ਵਰਗ ਨੂੰ ਸੰਤਾਪ ਭੋਗਣਾ ਪਿਆ। ਆਪ ਜੀ ਦੀ ਬਾਣੀ ਦਾ ਦਲਿਤ ਪ੍ਰਸੰਗ, ਮਾਨਵ-ਚੇਤਨਾ ਵਿਚ ਸ੍ਵੈਮਾਨ ਦਾ ਅਹਿਸਾਸ ਜਗਾ ਕੇ ਮਾਨਵ-ਭਾਈਚਾਰੇ ਨੂੰ ਪ੍ਰੇਮ-ਬੰਧਨ ਵਿਚ ਜੋੜਨ ਦਾ ਕਾਰਜ ਕਰਦਾ ਹੈ। ਆਪ ਜੀ ਦੀ ਬਾਣੀ ਵਿਚਲੀ ਪ੍ਰੇਮ-ਬੰਧਨ ਵਾਲੀ ਜੁਗਤ, ਅੱਜ ਵੀ ਮਾਨਵ-ਜੀਵਨ ਵਿਚ ਧਾਰਨ ਕਰਨ ਦੀ ਅਤਿਅੰਤ ਲੋੜ ਹੈ। ਅਜਿਹਾ ਕਰਨ ਨਾਲ ਹੀ ਵਿਸ਼ਵੀਕਰਨ ਦੇ ਅਜੋਕੇ ਯੁੱਗ ਵਿਚ ਨਿੱਜ ਲਾਭਾਂ ਲਈ ਵੱਡੀਆਂ-ਵੱਡੀਆਂ ਪੁਲਾਂਘਾਂ ਪੁੱਟਣ ਲਈ ਮਾਨਵ-ਸੋਚ ਨੂੰ ਠੱਲ੍ਹ ਪਾਈ ਜਾ ਸਕਦੀ ਹੈ।


## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਵੱਡਾ ਘੱਲੂਘਾਰਾ : ਅਬਦਾਲੀ ਵੱਲੋਂ ਸਿੱਖਾਂ ਦੇ ਕਾਫਲੇ 'ਤੇ ਕਹਿਰੀ ਹਮਲਾ

ਡਾ. ਹਰਚੰਦ ਸਿੰਘ ਸਰਹਿੰਦੀ (ਸ਼੍ਰੋਮਣੀ ਸਾਹਿਤਕਾਰ ਐਵਾਰਡੀ)



ਜਿਸ ਕਿਸੇ ਨੇ ਵੀ ਸਿੱਖ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ ਹੈ ਜਾਂ ਇਸ ਕੌਮ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਹੈ ਉਹ ਇਸ ਤੱਥ ਤੋਂ ਬਾਖ਼ੂਬੀ ਵਾਕਿਫ਼ ਹੋਵੇਗਾ ਕਿ ਪਿਛਲੇ 300 ਸਾਲਾਂ ਦੌਰਾਨ ਜਿਹੜੇ ਕਹਿਰ ਤੇ ਤਬਾਹੀ ਦੇ ਤੂਫ਼ਾਨ ਸਿੱਖਾਂ ਨੇ ਆਪਣੇ 'ਨੰਗੇ ਪਿੰਡੇ' 'ਤੇ ਹੰਢਾਏ ਹਨ, ਉਹ ਆਪਣੀ ਮਿਸਾਲ ਆਪ ਹਨ। ਹੈਰਾਨੀ ਦੀ ਗੱਲ ਹੈ ਕਿ ਤਬਾਹੀ ਮਚਾਉਂਦੇ 'ਝੱਖੜਾਂ ਤੇ ਤੂਫ਼ਾਨਾਂ' ਦੇ ਲੰਘ ਜਾਣ ਤੋਂ ਬਾਅਦ ਸਿੱਖ ਜਲਦੀ ਹੀ ਆਪਣੇ ਆਪ ਨੂੰ ਮੁੜ ਜਥੇਬੰਦ ਕਰ ਲੈਂਦੇ ਹਨ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ ਅਤੇ ਫਿਰ ਕਿਸੇ ਹੋਰ ਤੂਫ਼ਾਨ ਨੂੰ 'ਹਵਾਵਾਂ ਹੱਥ ਸੁਨੇਹੇ' ਭੇਜਣ ਲਗਦੇ ਹਨ। ਬਕੌਲ ਸ਼ਾਇਰ :

**ਲੋ ਹਮ ਨੇ ਬਨਾ ਲੀਆ ਹੈ ਨਯਾ ਫਿਰ ਸੇ ਆਸ਼ੀਆਂ !**
**ਯੇ ਬਾਤ ਜਾ ਕੇ ਫਿਰ ਕਿਸੀ ਤੂਫ਼ਾਨ ਸੇ ਕਹੋ !!**

ਦੂਜੀ ਗੱਲ ਇਹ ਹੈ ਕਿ ਤਸੀਹੇ ਤੇ ਤਬਾਹੀ ਦੇ ਤੂਫ਼ਾਨਾਂ ਵਿਚੋਂ ਗੁਜ਼ਰਦਿਆਂ, ਸਿੱਖ ਦਰਿਆ ਵਾਂਗੂੰ ਆਪਣਾ ਰਸਤਾ ਆਪ ਬਣਾਉਣਾ ਜਾਣਦੇ ਹਨ। ਸਿੱਖਾਂ ਨੂੰ ਆਪਣਾ ਇਹ ਹੁਨਰ ਮਾਲੂਮ ਹੈ। ਤਾਹੀਉਂ ਤਾਂ ਉਹ ਦਾਅਵਾ ਕਰਦੇ ਹਨ ਕਿ :

**ਹਮ ਭੀ ਦਰਿਆ ਹੈਂ, ਹਮੇਂ ਅਪਨਾ ਹੁਨਰ ਮਾਲੂਮ ਹੈ,**
**ਜਿਧਰ ਭੀ ਚਲ ਪੜੇਂਗੇ, ਰਸਤਾ ਹੋ ਜਾਏਗਾ।**

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿੱਖ ਕੌਮ ਦੇ ਸਿਰ 'ਤੇ ਮੁਸੀਬਤਾਂ ਦੇ ਝੱਖੜ ਝੁੱਲੇ, ਕਾਲੀਆਂ-ਬੋਲੀਆਂ ਹਨ੍ਹੇਰੀਆਂ ਦੇ ਫ਼ਾਂਜੇ ਵਗੇ, ਕਹਿਰ ਬਰਸਾਉਂਦੀਆਂ ਅਸਮਾਨੀ ਬਿਜਲੀਆਂ ਡਿੱਗੀਆਂ ਅਤੇ ਧਾਰਮਿਕ ਕੱਟੜਵਾਦ ਨੇ ਖ਼ੂਨ ਦੀ ਹੋਲੀ ਖੇਡੀ ਤਾਂ ਸਿੱਖ ਕੌਮ ਦਾ ਚਿਹਰਾ ਸਾਬਤ ਸੂਰਤ ਅਤੇ ਪਿੰਡਾ ਪਹਿਲਾਂ ਨਾਲੋਂ ਵੀ ਵੱਧ ਨਿੱਖਰ ਕੇ ਸਾਹਮਣੇ ਆਇਆ। ਗੱਲ ਕੀ, ਸਿੱਖਾਂ ਨੇ ਹਰ ਹਾਲ ਆਪਣੀ ਹਸਤੀ ਨੂੰ ਬਰਕਰਾਰ ਰੱਖਿਆ। ਡਾ. ਇਕਬਾਲ ਦਾ ਨਿਮਨ ਦਰਜ ਸ਼ਿਅਰ ਇਸ ਤਵਾਰੀਖੀ ਸੱਚਾਈ ਨੂੰ ਬਿਆਨ ਕਰਨ ਲਈ ਖ਼ੂਬ ਰਹੇਗਾ :

**ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ,**
**ਸਦੀਓਂ ਰਹਾ ਹੈ ਦੁਸ਼ਮਨ, ਦੌਰੇ ਜ਼ਮਾਂ ਹਮਾਰਾ।**

ਉਂਝ ਤਾਂ ਲਹੂ ਨਾਲ ਲਥਪਥ ਸਿੱਖ ਇਤਿਹਾਸ ਆਪਣੀ ਬੁੱਕਲ ਵਿਚ ਅਜਿਹੀਆਂ ਬੇਮਿਸਾਲ ਗਾਥਾਵਾਂ, ਘਟਨਾਵਾਂ ਤੇ ਸ਼ਹੀਦੀ ਸਾਕਿਆਂ ਨੂੰ ਸਮੇਟੀ ਬੈਠਾ ਹੈ, ਜਿਨ੍ਹਾਂ ਨੂੰ ਪੜ੍ਹਨ ਤੇ ਸੁਣਨ ਵਾਲਾ ਵਿਅਕਤੀ ਆਪ-ਮੁਹਾਰੇ ਅਸ਼-ਅਸ਼ ਕਰ ਉੱਠਦਾ ਹੈ, ਪਰ ਪਿਛਲੇ 300 ਸਾਲਾਂ ਦੌਰਾਨ ਜਿਹੜੇ ਕਹਿਰ ਸਿੱਖਾਂ ਉੱਪਰ ਇਕ ਕੌਮ ਦੇ ਰੂਪ ਵਿਚ ਢਾਹੇ ਗਏ ਹਨ, ਉਨ੍ਹਾਂ ਵਿਚ ਵੱਡੇ ਘੱਲੂਘਾਰੇ ਦਾ ਉੱਭਰਵਾਂ ਸਥਾਨ ਹੈ। ਉਂਝ ਵੀ ਇਹ ਘਟਨਾ ਵਿਸ਼ੇਸ਼ ਇਤਿਹਾਸਕ ਮਹੱਤਵ ਰੱਖਦੀ ਹੈ। ਇਸ ਘਟਨਾ ਨੇ ਸਿੱਖਾਂ ਨੂੰ ਮੁਗ਼ਲਾਂ ਵਿਰੁੱਧ ਲਾਮਬੰਦ ਹੋਣ ਲਈ ਠੋਸ ਆਧਾਰ ਮੁਹੱਈਆ ਕੀਤਾ। ਇਤਿਹਾਸ ਗਵਾਹ ਹੈ ਕਿ ਵੱਡੇ ਘੱਲੂਘਾਰੇ ਨੇ ਸਿੱਖ ਸ਼ਕਤੀ ਨੂੰ ਨਵਾਂ ਰੋਹ ਪ੍ਰਦਾਨ ਕੀਤਾ ਅਤੇ ਸਿੱਖ ਰਾਜ ਦੀ ਕਾਇਮੀ ਲਈ ਰਾਹ ਮੋਕਲਾ ਕੀਤਾ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੋਸਤਾਨ 'ਤੇ ਲਗਪਗ ਦਸ ਹਮਲੇ ਕੀਤੇ। ਲੁੱਟਮਾਰ ਦਾ ਮਾਲ ਲੈ ਕੇ ਜਦੋਂ ਅਬਦਾਲੀ ਦੀ ਮੁੜਦੀ ਫ਼ੌਜ ਪੰਜਾਬ ਵਿਚੋਂ ਦੀ ਗੁਜ਼ਰਦੀ ਤਾਂ ਸਿੱਖ ਕਈ ਪਾਸਿਆਂ ਤੋਂ ਛਾਪੇ ਮਾਰ ਕੇ ਉਸ ਦੇ ਲੁੱਟ ਦੇ ਮਾਲ ਦਾ ਭਾਰ ਹੌਲਾ ਕਰ ਦਿੰਦੇ ਅਤੇ ਕੈਦੀ ਲੜਕੀਆਂ ਨੂੰ ਛੁਡਾ ਕੇ ਉਨ੍ਹਾਂ ਦੇ ਘਰੋਂ-ਘਰੀਂ ਪਹੁੰਚਾ ਦਿੰਦੇ। ਇਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਨੂੰ ਹਰ ਵੇਰ ਨਮੋਸ਼ੀ ਦਾ ਮੂੰਹ ਵੇਖਣਾ ਪੈਂਦਾ ਸੀ। ਆਖ਼ਿਰ, ਉਸ ਨੇ ਸਿੱਖਾਂ ਨਾਲ ਉਚੇਚੇ ਤੌਰ 'ਤੇ ਸਿੱਝਣ ਦਾ ਮਨ ਬਣਾ ਲਿਆ। ਉਸ ਨੇ ਜੋ ਹਮਲਾ 1762 ਈ. ਵਿਚ ਕੀਤਾ ਉਸ ਦਾ ਮੁੱਖ ਉਦੇਸ਼ ਸਿੱਖਾਂ ਦੀ ਸ਼ਕਤੀ ਨੂੰ ਨਸ਼ਟ ਕਰਨਾ ਸੀ ਅਬਦਾਲੀ ਦੇ ਇਸ ਸਿੱਖ ਵਿਰੋਧੀ ਹਮਲੇ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਇਹ ਉਸ ਦਾ ਛੇਵਾਂ ਹਮਲਾ ਸੀ। ਇਤਫ਼ਾਕਵੱਸ, ਇਹ ਅਠ੍ਹਾਰਵੀਂ ਸਦੀ ਦਾ ਉਹ ਕਾਲਾ ਦੌਰ ਸੀ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ।

ਇਸ ਵੇਰ ਅਬਦਾਲੀ, ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਯੋਜਨਾ ਬਣਾ ਕੇ 18,000 ਬਲੋਚ ਧਾੜਵੀਆਂ ਨਾਲ ਨਮਾਜ਼ ਅਦਾ ਕਰਕੇ ਤੁਰਿਆ ਸੀ। ਅਬਦਾਲੀ ਦੇ ਇਸ ਭਰਮਪੂਰਣ ਪ੍ਰਚਾਰ ਕਿ ਕਾਫ਼ਰਾਂ ਨੂੰ ਤੈਅ ਤੇਗ਼ ਕਰਨਾ ਮੱਕਾ ਸ਼ਰੀਫ਼ ਦੀ ਜ਼ਿਆਰਤ ਦੇ ਬਰਾਬਰ ਹੈ, ਤੋਂ ਪ੍ਰਭਾਵਤ ਹੋ ਕੇ ਕੁਝ ਹੋਰ ਸੈਨਿਕ ਉਸ ਦੇ ਝੰਡੇ ਹੇਠ ਇਕੱਠੇ ਹੋ ਗਏ। ਇਸ ਤਰ੍ਹਾਂ 22,000 ਭੂਸਰੇ ਹੋਏ ਸੈਨਿਕਾਂ ਨਾਲ ਅਬਦਾਲੀ, ਜਨਵਰੀ 1762 ਈ. ਨੂੰ ਰਹੁਤਾਸ ਰਾਹੀਂ ਭਾਰਤ ਵਿਚ ਦਾਖ਼ਲ ਹੋਇਆ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅਬਦਾਲੀ ਅਤੇ ਉਸਦੇ ਸੈਨਿਕਾਂ ਦੇ ਹੌਂਸਲੇ ਬੁਲੰਦ ਸਨ, ਕਿਉਂਕਿ ਅਜੇ ਪਿਛਲੇ ਸਾਲ ਹੀ 14 ਜਨਵਰੀ, 1761 ਈ. ਨੂੰ ਪਾਣੀਪਤ ਦੀ ਤੀਜੀ

ਲੜਾਈ ਵਿਚ ਅਬਦਾਲੀ ਨੇ ਬਹਾਦਰ ਮਰਹਟਿਆਂ ਨੂੰ ਲੱਕ-ਤੋੜਵੀਂ ਸ਼ਿਕਸਤ ਦਿੱਤੀ ਸੀ।

ਲਾਹੌਰ 'ਤੇ ਕਬਜ਼ਾ ਕਰਨ ਉਪਰੰਤ ਅਬਦਾਲੀ ਨੇ ਸਿੱਖਾਂ ਨਲ ਟੱਕਰ ਲੈਣ ਲਈ ਲੁਧਿਆਣਾ ਵੱਲ ਕੂਚ ਕੀਤਾ। 4 ਫਰਵਰੀ, 1762 ਈ. ਨੂੰ ਉਹ ਲੁਧਿਆਣਾ ਪਹੁੰਚਿਆ ਅਤੇ 5 ਫਰਵਰੀ ਨੂੰ ਪਿੰਡ ਕੁੱਪ ਵਿਖੇ। ਪਿੰਡ ਕੁੱਪ, ਲੁਧਿਆਣਾ-ਧੂਰੀ ਰੇਲਵੇ ਲਾਈਨ 'ਤੇ ਮੰਡੀ ਅਹਿਮਦਗੜ੍ਹ ਤੇ ਮਾਲੇਰਕੋਟਲਾ ਸਟੇਸ਼ਨਾਂ ਵਿਚਕਾਰ ਸਥਿਤ ਹੈ। ਇਸ ਤਰ੍ਹਾਂ ਅਬਦਾਲੀ ਦੀਆਂ ਫ਼ੌਜਾਂ ਨੇ ਮਾਲੇਰਕੋਟਲਾ ਤੋਂ ਪੂਰਬ ਵੱਲ ਛੇ ਮੀਲ ਦੀ ਦੂਰੀ 'ਤੇ ਪਿੰਡ ਕੁੱਪ (ਕੁੱਪ-ਰਹੀੜਾ) ਲਾਗੇ ਸਿੱਖਾਂ ਨੂੰ ਘੇਰ ਲਿਆ। ਕੁਝ ਸਮੇਂ ਬਾਅਦ ਸਰਹਿੰਦ ਦਾ ਸੂਬੇਦਾਰ ਜ਼ੈਨ ਖ਼ਾਂ ਵੀ ਅਬਦਾਲੀ ਦੀ ਮਦਦ ਲਈ ਉੱਥੇ ਆ ਪਹੁੰਚਿਆ। ਕੁਝ ਹੋਰ ਸਥਾਨਕ ਮੁਗ਼ਲ ਨਵਾਬਾਂ ਨੇ ਵੀ ਅਹਿਮਦ ਸ਼ਾਹ ਅਬਦਾਲੀ ਦੀ ਮੱਦਦ ਕੀਤੀ।

ਸਿੱਖ ਉਸ ਵੇਲੇ ਬੱਚਿਆਂ, ਬੁੱਢਿਆਂ ਤੇ ਇਸਤਰੀਆਂ ਸਮੇਤ ਵਹੀਰ ਦੀ ਸ਼ਕਲ ਵਿਚ ਕਿਸੇ ਸੁਰੱਖਿਅਤ ਥਾਂ ਵੱਲ ਸਫ਼ਰ ਕਰ ਰਹੇ ਸਨ। ਇਕ ਅੰਦਾਜ਼ੇ ਅਨੁਸਾਰ ਉਸ ਵੇਲੇ ਸਿੱਖਾਂ ਦੀ ਸੰਖਿਆ, ਇਸਤਰੀਆਂ ਤੇ ਬੱਚਿਆਂ ਸਮੇਤ ਲਗਪਗ 50,000 ਸੀ। ਦਰਅਸਲ, ਸਿੱਖ ਉਸ ਸਮੇਂ ਕੁੱਪ ਵਿਖੇ ਡੇਰਾ ਲਾਈ ਬੈਠੇ ਸਨ ਅਤੇ ਉਹ ਲੜਾਈ ਲਈ ਤਿਆਰ ਨਹੀਂ ਸਨ, ਸਿੱਖਾਂ ਕੋਲ ਤਾਂ ਉਸ ਸਮੇਂ ਪੂਰੇ ਹਥਿਆਰ ਵੀ ਨਹੀਂ ਸਨ।

ਸਿੱਖਾਂ ਦਾ ਅੰਦਾਜ਼ਾ ਸੀ ਕਿ ਅਬਦਾਲੀ ਉਨ੍ਹਾਂ ਤੱਕ 6 ਜਾਂ 7 ਫਰਵਰੀ ਤੋਂ ਪਹਿਲਾਂ ਨਹੀਂ ਪਹੁੰਚ ਸਕੇਗਾ। ਪਰ ਅਬਦਾਲੀ ਨੇ ਲਗਪਗ 150 ਮੀਲਾਂ ਦਾ ਸਫ਼ਰ ਦੋ ਦਿਨਾਂ ਵਿਚ ਮੁਕਾ ਕੇ ਸਿੱਖਾਂ ਨੂੰ 'ਹੱਥਾਂ ਪੈਰਾਂ ਦੀ ਪਾ ਦਿੱਤੀ' ਸੀ (ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਅਬਦਾਲੀ ਨੇ ਇਹ ਸਫ਼ਰ ਕੇਵਲ 36 ਘੰਟਿਆਂ ਵਿਚ ਤੈਅ ਕੀਤਾ)। ਜ਼ਾਹਿਰ ਹੈ, ਅਬਦਾਲੀ ਨੇ ਇਹ ਕਹਿਰੀ ਹਮਲਾ ਬਹੁਤ ਗੁਪਤ ਅਤੇ ਫ਼ੁਰਤੀ ਨਾਲ ਕੀਤਾ। ਹਾਲਾਤ ਸਿੱਖਾਂ ਦੇ ਹੱਕ ਵਿਚ ਨਾ ਹੋਣ ਦੇ ਬਾਵਜੂਦ ਦਲ ਖ਼ਾਲਸਾ ਨੇ ਡਟ ਕੇ ਮੁਕਾਬਲਾ ਕੀਤਾ। (ਸੰਨ 1748 ਈ. ਵਿਚ ਸਿੱਖਾਂ ਦੀ ਸਮੁੱਚੀ ਸੈਨਾ ਦਾ ਸੰਗਠਨ ਹੋ ਗਿਆ ਸੀ, ਜਿਸ ਨੂੰ 'ਦਲ ਖ਼ਾਲਸਾ' ਕਿਹਾ ਜਾਂਦਾ ਸੀ।)

5 ਫਰਵਰੀ, 1762 ਈ. ਨੂੰ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਨੇ ਪਿੰਡ ਕੁੱਪ ਲਾਗੇ ਸਿੱਖ ਵਹੀਰ ਨੂੰ ਘੇਰ ਲਿਆ ਅਤੇ ਸਿੱਖਾਂ 'ਤੇ ਜੋ ਕਹਿਰ ਵਾਪਰਿਆ ਉਸ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਸ ਭਿਆਨਕ ਸਥਿਤੀ ਵਿਚ ਦਲ ਖ਼ਾਲਸਾ ਦੀ ਕਮਾਂਡ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ (ਮਹਾਰਾਜਾ ਰਣਜੀਤ ਸਿੰਘ ਦਾ ਦਾਦਾ), ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਸਿਆਮ ਸਿੰਘ ਆਦਿ ਵਰਗੇ ਮਹਾਨ ਜਰਨੈਲ ਕਰ ਰਹੇ ਸਨ। ਰਿਆਸਤ ਪਟਿਆਲਾ ਦੇ ਬਾਨੀ ਬਾਬਾ ਆਲਾ ਸਿੰਘ ਨੇ ਵੀ ਇਸ ਯੁੱਧ ਵਿਚ ਸਿੱਖਾਂ ਦੀ ਸਹਾਇਤਾ ਕੀਤੀ।

ਬੇਸ਼ੱਕ ਇਸ ਯੁੱਧ ਵਿਚ ਸਿੱਖਾਂ ਦਾ ਬੜਾ ਭਾਰੀ ਜਾਨੀ ਨੁਕਸਾਨ ਹੋਇਆ ਪਰ ਉਨ੍ਹਾਂ ਨੇ ਵੈਰੀਆਂ ਦੇ ਕਹਿਰੀ ਹਮਲਿਆਂ ਦਾ ਅਨੋਖੀ ਬਹਾਦਰੀ, ਦਲੇਰੀ ਅਤੇ ਹੌਂਸਲੇ ਨਾਲ ਮੁਕਾਬਲਾ ਕੀਤਾ, ਇੱਥੋਂ ਤੱਕ ਕਿ ਸਰਹਿੰਦ ਦੇ ਸੂਬੇਦਾਰ ਜ਼ੈਨ ਖ਼ਾਂ ਦੀ ਇਕ ਫ਼ੌਜੀ ਟੁਕੜੀ, ਜੋ ਸਿੱਖਾਂ ਨੂੰ ਮੂਹਰਿਉਂ ਘੇਰ ਰਹੀ ਸੀ, ਨੂੰ ਹਰਾ ਕੇ ਮਾਲੇਰਕੋਟਲਾ ਵੱਲ ਭਜਾ ਦਿੱਤਾ। ਸਿੱਖਾਂ ਦੀ ਅਦੁੱਤੀ ਤੇ ਬੇਮਿਸਾਲ ਬਹਾਦਰੀ ਦਾ ਜ਼ਿਕਰ ਕਰਦਿਆਂ ਡਾ. ਹਰੀ ਰਾਮ ਗੁਪਤਾ ਆਪਣੀ ਪੁਸਤਕ, 'ਏ ਹਿਸਟਰੀ ਆਫ਼ ਦੀ ਸਿੱਖਸ', 'ਭਾਗ 1, ਪੰਨਾ 172 ਉੱਤੇ ਲਿਖਦਾ ਹੈ, NOTHING COULD SURPASS THE HEROIC DARING, THE DOGGED TENACITY AND INVINCIBLE FORTITUDE OF THE SIKHS WHO HELD THEMSELVES WITH THEIR EXPOSED FLANKS AND OPEN REAR."

ਸਿੱਖਾਂ ਦੇ ਜਾਨੀ ਨੁਕਸਾਨ ਬਾਰੇ ਡਾ. ਐਨ.ਕੇ. ਸਿਨਹਾ ਅਤੇ ਡਾ. ਐੱਚ.ਆਰ. ਗੁਪਤਾ ਦਾ ਮਤ ਹੈ ਕਿ ਇਸ ਯੁੱਧ ਵਿਚ ਵੀਰਗਤੀ ਪ੍ਰਾਪਤ ਕਰਨ ਵਾਲੇ ਸਿੱਖਾਂ ਦੀ ਗਿਣਤੀ ਤਕਰੀਬਨ 12,000 ਸੀ, ਜਦੋਂ ਕਿ ਸਿੱਖ ਪੰਥ ਦੇ ਮਹਾਨ ਵਿਦਵਾਨ ਰਤਨ ਸਿੰਘ ਭੰਗੂ ਅਨੁਸਾਰ ਇਹ ਗਿਣਤੀ 30,000 ਸੀ। ਪਰ ਇਸ ਸਭ ਕਾਸੇ ਦੇ ਬਾਵਜੂਦ ਸਿੱਖ ਚੜ੍ਹਦੀ ਕਲਾ ਵਿਚ ਰਹੇ ਅਤੇ ਉਨ੍ਹਾਂ ਨੇ ਅਬਦਾਲੀ ਦੀ ਪੇਸ਼ ਨਾ ਜਾਣ ਦਿੱਤੀ। ਅੰਤ, ਸਿੱਖਾਂ ਦੇ ਹੌਂਸਲੇ ਤੋਂ ਭੈਅ-ਭੀਤ ਹੋ ਕੇ ਉਹ, ਰਾਤ ਦੇ ਹਨ੍ਹੇਰੇ ਤੋਂ ਲਾਭ ਉਠਾਉਂਦਿਆਂ, ਪਹਿਲਾਂ ਲਾਹੌਰ ਚਲਿਆ ਗਿਆ ਅਤੇ ਫਿਰ ਅਫ਼ਗਾਨਿਸਤਾਨ ਦਾ ਰਾਹ ਫੜਿਆ। ਚੇਤੇ ਰਹੇ! ਬਾਅਦ ਵਿਚ ਉਸ ਨੇ ਜੋ ਹਮਲੇ ਕੀਤੇ ਉਹ ਉਸ ਦੀ ਕਮਜ਼ੋਰੀ ਦਾ ਢੰਡੋਰਾ ਸਨ, ਸ਼ਕਤੀ ਦਾ ਨਗਾਰਾ ਨਹੀਂ।

ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਵੱਡੇ ਘੱਲੂਘਾਰੇ ਵਰਗੇ ਕਹਿਰੀ ਤੂਫ਼ਾਨ ਦੇ ਲੰਘ ਜਾਣ ਤੋਂ ਬਾਅਦ ਸਿੱਖਾਂ ਨੇ ਅਗਲੇ ਵਰ੍ਹੇ ਹੀ ਸੰਨ 1763 ਈ. ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਰਹਿੰਦ 'ਤੇ ਮੁੜ ਕਬਜ਼ਾ ਕਰ ਲਿਆ ਸੀ ਅਤੇ ਵੱਡੇ ਘੱਲੂਘਾਰੇ ਵੇਲੇ ਅਬਦਾਲੀ ਦਾ ਸਾਥ ਦੇਣ ਵਾਲੇ ਜ਼ੈਨ ਖ਼ਾਂ (ਸੂਬਾ ਸਰਹਿੰਦ) ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਗੱਲ ਫਿਰ ਉਥੇ ਆ ਕੇ ਹੀ ਮੁੱਕਦੀ ਹੈ ਕਿ "ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ...।" ਇਤਿਹਾਸ ਗਵਾਹ ਹੈ ਕਿ ਵੱਡੇ ਘੱਲੂਘਾਰੇ ਨੇ ਸਿੱਖ ਸ਼ਕਤੀ ਨੂੰ ਨਵਾਂ ਰੋਹ ਪ੍ਰਦਾਨ ਕੀਤਾ ਅਤੇ ਇਸ ਦੇ ਨਾਲ ਹੀ ਸਿੱਖ ਉਸ ਸ਼ਾਹ ਰਾਹ 'ਤੇ ਹੋ ਤੁਰੇ, ਜੋ ਉਨ੍ਹਾਂ ਨੂੰ ਸਿੱਧਾ ਸਿੱਖ ਰਾਜ ਦੀ ਕਾਇਮੀ ਵੱਲ ਲੈ ਜਾ ਰਿਹਾ ਸੀ।

● ● ●

**ਜ਼ਿੰਦਗੀ ਨੂੰ ਖੁੱਲ੍ਹੀ ਕਿਤਾਬ ਨਾ ਬਣਾਓ, ਕਿਉਂਕਿ ਲੋਕਾਂ ਨੂੰ ਪੜ੍ਹਨ ਵਿਚ ਨਹੀਂ ਵਰਕੇ ਪਾੜ੍ਹਣ ਵਿਚ ਸੁਆਦ ਆਉਂਦਾ ਹੈ।**

## ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

19.

**ਜ਼ੁਹਰਾ ਕੀ ਤਾਂਕ ਝਾਂਕ ਥੀ ਬੰਦ ਆਸਮਾਨ ਸੇ।**
**ਗ਼ਾਇਬ ਥਾ ਮੁਸ਼ਤਰੀ ਭੀ ਫ਼ਲਕ ਕੀ ਦੁਕਾਨ ਸੇ।**
**ਝੁੰਮਰ ਭੀ ਉੜ ਚੁੱਕਾ ਥਾਂ, ਸੁਰੈਯਾ ਕੇ ਕਾਨ ਸੇ।**
**ਬੜ੍ਹਨੇ ਲਗੀ ਸਹਰ ਕੀ ਸਪੇਦੀ ਥੀ ਸ਼ਾਨ ਸੇ।**
**ਲੈ ਕਰ ਕਿਰਨ ਕਾ ਤਾਜ ਥਾ ਸੂਰਜ ਨਿਕਲਨੇ ਕੋ।**
**ਮਸ਼ਰਕ ਸੇ ਚਸ਼ਮਏ-ਨੂਰ ਕਾ ਅਬ ਥਾ ਉਬਲਨੇ ਕੋ।**

ਅਸਮਾਨ ਵਿਚ ਜ਼ੁਹਰਾ ਨਾਮਕ ਤਾਰੇ ਦਾ ਝਿਲਮਿਲਾਉਣਾ ਬੰਦ ਹੋ ਚੁੱਕਾ ਸੀ। ਬ੍ਰਹਸਪਤਿ ਗ੍ਰਹਿ ਅਸਮਾਨ ਵਿਚੋਂ ਲੁਪਤ ਹੋ ਗਿਆ ਸੀ। ਕ੍ਰਿਤਕ ਨਛੱਤਰ ਦਾ ਝੂਮਰ ਵੀ ਉਸ ਦੇ ਕੰਨ ਵਿਚੋਂ ਲਹਿ ਚੁੱਕਾ ਸੀ। ਸਵੇਰ ਦੀ ਸਫ਼ੈਦੀ ਬੜੀ ਸ਼ਾਨ ਨਾਲ ਵਧਦੀ ਜਾ ਰਹੀ ਸੀ। ਰੌਸ਼ਨੀ ਦੀਆਂ ਕਿਰਨਾਂ ਦਾ ਤਾਜ ਲੈ ਕੇ ਸੂਰਜ ਨਿਕਲਣ ਹੀ ਵਾਲਾ ਸੀ ਅਤੇ ਪੂਰਬ ਦੀ ਦਿਸ਼ਾ ਵਲੋਂ ਨੂਰ ਦਾ ਚਸ਼ਮਾ ਉਬਲਣ ਦੇ ਕਰੀਬ ਸੀ।

20.

**ਸਤਿਗੁਰੂ ਅਬ ਆਨ ਪਹੁੰਚੇ ਥੇ ਸਰਸਾ ਨਦੀ ਕੇ ਪਾਸ।**
**ਥੇ ਚਾਹਤੇ ਬੁਝਾਏਂ ਵਹ ਬਾਰਹ ਪਹਰ ਕੀ ਪਯਾਸ।**
**ਇਸ਼ਨਾਨ ਕਰ ਕੇ ਔਰ ਬਦਲ ਕੇ ਨਯਾ ਲਿਬਾਸ।**
**ਵਾਹਿਗੁਰੂ ਕਾ ਨਾਮ ਜਪੇਂ ਔਰ ਕਰੇਂ ਸਪਾਸ।**
**ਜਪੁਜੀ ਕਾ ਜਾਪ ਉਸ ਘੜੀ ਕਰਨਾ ਜ਼ਰੂਰ ਥਾ।**
**ਪੜ੍ਹ ਕੇ ਗੁਰੂ ਗ੍ਰੰਥ ਔਰ ਬੜ੍ਹਾਨਾ ਸਰੂਰ ਥਾ।**

ਗੁਰੂ ਗੋਬਿੰਦ ਸਿੰਘ ਜੀ ਇਸ ਸਮੇਂ ਸਰਸਾ ਨਦੀ ਦੇ ਨਜ਼ਦੀਕ ਪੁੱਜ ਗਏ ਸਨ ਅਤੇ ਬਾਰਾਂ ਪਹਿਰ ਤੋਂ ਲੱਗੀ ਹੋਈ ਨਾਮ ਦੀ ਪਿਆਸ ਨੂੰ ਬੁਝਾਉਣ ਦੀ ਚਾਹਨਾ ਸੀ। ਆਪ ਦੀ ਮਨਸ਼ਾ ਸੀ ਕਿ ਇਸ਼ਨਾਨ ਕਰਕੇ ਅਤੇ ਨਵੇਂ ਬਸਤਰ ਪਹਿਨ ਕੇ ਵਾਹਿਗੁਰੂ ਦਾ ਨਾਮ ਜਪੀਏ ਅਤੇ ਉਸ ਦਾ ਸ਼ੁਕਰਾਨਾ ਵੀ ਕਰੀਏ। ਇਸ ਸਮੇਂ ਜਪੁ ਜੀ ਸਾਹਿਬ ਦਾ ਪਾਠ ਕਰਨਾ ਵੀ ਜ਼ਰੂਰੀ ਸੀ ਅਤੇ ਇਸ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹ ਕੇ ਆਤਮਕ ਆਨੰਦ ਵੀ ਤਾਂ ਲੈਣਾ ਸੀ।

21.

**ਥਾ ਸਿਰ ਪੇ ਵਕਤ ਆ ਗਯਾ 'ਆਸਾ ਕੀ ਵਾਰ' ਕਾ।**
**ਸਾਜ਼ੋਂ ਕੇ ਜ਼ੇਰੋ-ਬਮ ਕਾ, ਚੜ੍ਹਾਉ-ਉਤਾਰ ਕਾ।**
**ਮਨਸ਼ਾ ਥਾ ਕਲਗੀਧਰ ਕੇ ਦਿਲੇ-ਬੇਕਰਾਰ ਕਾ।**
**ਮੌਕਾ ਮਿਲੇ ਤੋ ਕਰ ਲੇਂ ਭਜਨ ਕਰਦਗਾਰ ਕਾ।**
**ਜਬ ਮਹਵਿ-ਬੰਦਗੀ ਹੁਏ ਨਾਨਕ ਕੇ ਜਾਨਸ਼ੀਨ।**
**ਆ ਟੂਟੇ ਖ਼ਾਲਸਾ ਪੈ ਅਚਾਨਕ ਕਈ ਲਈਨ।**

ਆਸਾ ਦੀ ਵਾਰ ਦੇ ਕੀਰਤਨ ਦਾ ਸਮਾਂ ਸਿਰ 'ਤੇ ਅੱਪੜ ਗਿਆ ਸੀ। ਸਾਜ਼ਾਂ ਦੇ ਉਤਾਰ-ਚੜ੍ਹਾਅ ਅਤੇ ਪਲਟੇ ਲੱਗਣੇ ਸਨ। ਕਲਗੀਧਰ ਪਾਤਸ਼ਾਹ ਦਾ ਦਿਲ ਬੜਾ ਬੇਚੈਨ ਸੀ ਕਿ ਕਦੋਂ ਸਮਾਂ ਮਿਲੇ ਅਤੇ ਪਰਮੇਸ਼ਰ ਦਾ ਸਿਮਰਨ ਕੀਤਾ ਜਾਵੇ। ਜਦੋਂ ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਵਾਰਸ ਭਜਨ-

ਬੰਦਗੀ ਵਿਚ ਜੁੜੇ ਤਾਂ ਅਚਾਨਚੱਕ ਕੁਝ ਲਾਹਨਤੀਆਂ ਨੇ ਖ਼ਾਲਸੇ ਉੱਤੇ ਹਮਲਾ ਕਰ ਦਿੱਤਾ।

22.

**ਬਦਬਖ਼ਤੋਂ ਨੇ ਜੋ ਵਾਅ੍ਹਦਾ ਕੀਆ ਥਾ ਬਿਸਰ ਗਏ।**
**ਨਾਮਰਦ ਕੌਲ ਕਰਕੇ ਜ਼ੁਬਾਂ ਸੇ ਮੁਕਰ ਗਏ।**
**ਗੋਬਿੰਦ ਸਿੰਘ ਕੇ ਸ਼ੇਰ ਭੀ ਫ਼ੌਰਨ ਬਿਫ਼ਰ ਗਏ।**
**ਤਲਵਾਰੇਂ ਸੂਤ ਸੂਤ ਕੇ ਰਨ ਮੇਂ ਉਤਰ ਗਏ।**
**ਮੈਦਾਂ ਕੋ ਏਕ ਆਨ ਮੇਂ ਚੌਰੰਗ ਕਰ ਦੀਆ।**
**ਰੁਸਤਮ ਭੀ ਆਯਾ ਸਾਹਮਨੇ ਤੋ ਦੰਗ ਕਰ ਦੀਆ।**

ਦੁਸ਼ਟਾਂ ਨੇ ਗੁਰੂ ਜੀ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਵਿਸਾਰ ਦਿੱਤਾ। ਨਾਮਰਦਾਂ ਨੇ ਜੋ ਕੌਲ-ਇਕਰਾਰ ਆਪਣੀ ਜ਼ੁਬਾਨ ਨਾਲ ਕੀਤੇ ਸਨ, ਉਨ੍ਹਾਂ ਤੋਂ ਝੱਟ ਮੁੱਕਰ ਗਏ। ਗੁਰੂ ਗੋਬਿੰਦ ਸਿੰਘ ਜੀ ਦੇ ਸ਼ੇਰ ਜਵਾਨ ਵੀ ਇਹ ਕੁਝ ਵੇਖ ਕੇ ਭਾਰੀ ਰੋਹ ਵਿਚ ਆਏ ਅਤੇ ਮਿਆਨੋਂ ਤਲਵਾਰਾਂ ਕੱਢ ਕੇ ਰਣਖੇਤਰ ਵਿਚ ਆ ਡਟੇ। ਉਸੇ ਘੜੀ ਇਨ੍ਹਾਂ ਨੇ ਜੰਗ ਦੇ ਮੈਦਾਨ ਨੂੰ ਇਤਨਾ ਭਿਆਨਕ ਬਣਾ ਦਿੱਤਾ ਕਿ ਜੇਕਰ ਰੁਸਮਤ ਵੀ ਉਸ ਸਮੇਂ ਸਾਹਮਣੇ ਆਉਂਦਾ ਤਾਂ ਸਭ ਕੁਝ ਤੱਕ ਕੇ ਹੈਰਾਨ ਹੋ ਜਾਂਦਾ।

23.

**ਸਤਿਗੁਰੂ ਕੇ ਗਿਰਦ ਸੀਨੋਂ ਕੀ ਦੀਵਾਰ ਖੈਂਚ ਲੀ।**
**ਸੌ ਬਾਰ ਗਿਰ ਗਈ ਭੀ ਤੋ ਸੌ ਬਾਰ ਖੈਂਚ ਲੀ।**
**ਖ਼ੰਜਰ ਅਦੂ ਕਾ ਦੇਖ ਕੇ ਤਲਵਾਰ ਖੈਂਚ ਲੀ।**
**ਜ਼ਖ਼ਮੀ ਹੂਏ ਤੋ ਲੱਜ਼ਤਿ-ਸੱਫ਼ਾਰ ਖੈਂਚ ਲੀ।**
**ਯਾਦਿ ਅਕਾਲ ਪੁਰਖ ਮੇਂ ਫਿਰ ਭੀ ਜਮੇਂ ਰਹੇ।**
**ਚਰਕੇ ਹਜ਼ਾਰ ਖਾ ਕੇ ਅਕਾਲੀ ਥਮ੍ਹੇਂ ਰਹੇ।**

ਸੂਰਬੀਰ ਸਿੰਘਾਂ ਨੇ ਸਤਿਗੁਰਾਂ ਨੂੰ ਵਿਚਕਾਰ ਲੈ ਕੇ ਆਸ-ਪਾਸ ਡਟਣਾ ਕੀਤਾ। ਜੇਕਰ ਸੁਰੱਖਿਆ ਦੀ ਇਹ ਦੀਵਾਰ ਡਿੱਗ ਜਾਂਦੀ ਹੈ ਤਾਂ ਦੁਬਾਰਾ ਨਵੀਂ ਦੀਵਾਰ ਖੜ੍ਹੀ ਕਰ ਦਿੰਦੇ ਹਨ। ਦੁਸ਼ਮਣ ਦੇ ਹੱਥ ਵਿਚ ਖੰਜਰ ਹੈ ਤਾਂ ਤਲਵਾਰ ਪਕੜ ਕੇ ਉਸ ਦਾ ਮੁਕਾਬਲਾ ਕਰਦੇ ਹਨ। ਲੜਦੇ ਹੋਏ ਜ਼ਖ਼ਮੀ ਹੋ ਜਾਂਦੇ ਹਨ ਤਾਂ ਦੁਸ਼ਮਣਾਂ ਵੱਲੋਂ ਵਰ੍ਹਾਏ ਜਾ ਰਹੇ ਤੀਰਾਂ ਦੀ ਵਰਖਾ ਦਾ ਆਨੰਦ ਲੈਣ ਲੱਗਦੇ ਹਨ। ਇਤਨੇ ਕਸ਼ਟ ਝੱਲਦੇ ਹੋਏ ਵੀ ਪਰਮੇਸ਼ਰ ਦੀ ਯਾਦ ਨੂੰ ਨਹੀਂ ਭੁਲਾਂਦੇ ਅਤੇ ਹਜ਼ਾਰਾਂ ਜ਼ਖ਼ਮ ਖਾਣ ਦੇ ਬਾਵਜੂਦ ਰਣ-ਖੇਤਰ ਵਿਚ ਡਟੇ ਰਹਿੰਦੇ ਹਨ।

24.

**ਹਰ ਚੰਦ ਟੂਟ ਟੂਟ ਕੇ ਗਿਰਤੇ ਰਹੇ ਲਈਂ।**
**ਸਿੰਘੋਂ ਨੇ ਏਕ ਇੰਚ ਭੀ ਛੋੜੀ ਨਹੀਂ ਜ਼ਿਮੀਂ।**
**ਲੰਗਰ ਕਿਸੀ ਸੇ ਸ਼ੇਰੋਂ ਕਾ ਹਿਲਦਾ ਭੀ ਹੈ ਕਹੀਂ?**
**ਬੇਸ਼ੱਕ ਨਹੀਂ ਨਹੀਂ ਕਭੀ, ਹਾਂ ਹਾਂ ਨਹੀਂ ਨਹੀਂ।**
**ਮਸ਼ਰੂਫ਼ ਯਾਦਿ-ਹੱਕ ਮੇਂ ਗੁਰੂ ਬੇਦਰੇਗ਼ ਥੇ।**
**ਕਯੋਂ ਮੌਤ ਸੇ ਲਰਜ਼ਤੇ ਵੁਹ ਫ਼ਰਜ਼ੰਦਿ-ਤੇਗ ਥੇ।**

ਦੁਸ਼ਮਣ ਮੁੜ-ਮੁੜ ਕੇ ਹਮਲਾ ਕਰਦੇ ਰਹੇ, ਲੇਕਿਨ ਬਹਾਦਰ ਸਿੰਘ ਇਕ ਇੰਚ ਵੀ ਪਿੱਛੇ ਨਾ ਹਟੇ। ਕੀ ਕੋਈ ਸਿੰਘਾਂ ਦੇ ਲੰਗਰਾਂ ਵਾਂਗ ਗੱਡੇ ਕਦਮਾਂ ਨੂੰ ਹਿਲਾ ਸਕਦਾ ਹੈ? ਨਹੀਂ, ਕਦੀ ਵੀ ਨਹੀਂ। ਸਤਿਗੁਰੂ ਜੀ ਨਿਰਸੰਕੋਚ ਪਰਮੇਸ਼ਰ ਦੀ ਬੰਦਗੀ ਵਿਚ ਲੀਨ ਸਨ। ਆਪ ਨੂੰ ਮੌਤ ਦਾ ਡਰ ਹੋ ਹੀ ਨਹੀਂ ਸੀ ਸਕਦਾ, ਕਿਉਂਕਿ ਆਪ ਤਾਂ ਖ਼ੁਦ ਤੇਗ਼ (ਗੁਰੂ ਤੇਗ਼ ਬਹਾਦਰ ਜੀ) ਦੇ ਪੁੱਤਰ ਸਨ। **(ਚਲਦਾ)**

● ● ●

# ਕਿਰਤ ਕਰੋ, ਨਾਮ ਜਪੋ, ਵੰਡ ਛਕੋ।

# ਗੁਰ ਸਾਗਰ ਦੇ ਸੁੱਚੇ ਮੋਤੀ

**ਸਿੰਘ ਸਾਹਿਬ ਗਿਆਨੀ ਚੇਤ ਸਿੰਘ**

ਇਨ੍ਹਾਂ ਨੂੰ ਸੰਤਾਂ ਮਹਾਂਪੁਰਖਾਂ ਦੀ ਸੇਵਾ ਕਰਨ ਦਾ ਚੰਗਾ ਸ਼ੌਂਕ ਪੈਦਾ ਹੋ ਗਿਆ। ਦੇਵਨੈਤ ਸ. ਬੂੜ ਸਿੰਘ ਜੀ ਦੇ ਮਾਤਾ-ਪਿਤਾ ਅੱਗੇ ਪਿੱਛੇ ਚੜ੍ਹਾਈ ਕਰ ਗਏ। ਆਪ ਜੀ ਨੇ ਘਰ ਦਾ ਕਾਰੋਬਾਰ ਸੰਭਾਲਿਆ। ਮਹਾਂਪੁਰਖ ਬਾਬਾ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ ਦੀ ਸਲਾਨਾ ਯਾਦ ਵਿਚ 13-14-15 ਭਾਦਰੋਂ ਨੂੰ ਜਿਹੜਾ ਜੋੜ ਮੇਲਾ ਹੁੰਦਾ ਸੀ, ਉਸ ਭਾਰੀ ਜੱਗ ਵਿਚ ਜਿਤਨੀ ਭੀ ਸਬਜ਼ੀ ਲੰਗਰ ਲਈ ਲੋੜ ਹੁੰਦੀ ਉਹ ਸਾਰੀ ਸ. ਬੂੜ ਸਿੰਘ ਜੀ ਵੱਲੋਂ ਹੀ ਲੰਗਰ ਵਿਚ ਬਣਦੀ ਸੀ। ਇਸੇ ਹੀ ਜੋੜ ਮੇਲੇ ਤੇ ਇਕ ਲੰਗਰ ਮਾਹਲ-ਪੂੜੇ ਦਾ, ਇਨ੍ਹਾਂ ਦੇ ਬਹਿਨੋਈ ਸ. ਸੁੰਦਰ ਸਿੰਘ ਤੇ ਭੈਣ ਜੈ ਦੇਈ ਵੱਲੋਂ ਲਗਾਤਾਰ ਕਈ ਸਾਲ ਬਣਦਾ ਰਿਹਾ। ਪਾਕਿਸਤਾਨ ਬਣਨ ਤੋਂ ਬਾਕੀ ਲੋਕਾਂ ਵਾਂਗ ਸ. ਬੂੜ ਸਿੰਘ ਜੀ ਭੀ ਸਭ ਕੁੱਝ ਛੱਡ ਕੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਲ ਹੀ ਅੰਮ੍ਰਿਤਸਰ ਆ ਗਏ। ਕੁੱਝ ਦਿਨ ਇਥੇ ਠਹਿਰ ਕੇ ਆਪ ਆਪਣੇ ਪਰਿਵਾਰ ਪਾਸ ਕਾਹਨਪੁਰ ਪੁੱਜ ਗਏ। ਇਥੇ ਆਪ ਜੀ ਨੇ ਅਤੇ ਆਪ ਦੇ ਬੱਚਿਆਂ ਨੇ ਚੰਗਾ ਕਾਰੋਬਾਰ ਕੀਤਾ। ਸਤਿਗੁਰੂ ਦੀ ਕਿਰਪਾ ਨਾਲ ਚੰਗੇ ਦਿਨ ਆ ਗਏ। ਦਾਸ ਦਾ ਭੀ ਕਾਹਨਪੁਰ ਜਾਣ ਆਉਣ ਬਹੁਤ ਰਿਹਾ ਹੈ। ਦਾਸ ਨਾਲ ਭੀ ਆਪ ਜੀ ਦਾ ਪਹਿਲੇ ਹੀ ਬਹੁਤ ਪਿਆਰ ਸੀ, ਪਰ ਇਧਰ ਆ ਕੇ ਬਹੁਤ ਹੀ ਪਿਆਰ ਹੋ ਗਿਆ। ਆਪ ਜੀ ਨੇ ਸ੍ਰੀ ਅੰਮ੍ਰਿਤਸਰ ਆ ਕੇ ਛੇ ਮਹਾਂਪੁਰਕਾਂ ਦੇ ਨਾਮ ਛੇ ਅਖੰਡ ਪਾਠ ਕਰਵਾਏ ਅਤੇ ਇਕ ਦੁਖ ਭੰਜਨੀ ਸਾਹਿਬ ਦੇ ਸਾਹਮਣੇ ਦੀ ਡਿਉਢੀ ਦੇ ਇਕ ਥੰਮ੍ਹਲੇ ਨਾਲ ਛੇ ਮਹਾਂਪੁਰਖਾਂ-ਸੰਤ ਬਿਸ਼ਨ ਸਿੰਘ ਜੀ ਮੁਰਾਲਾ, ਸੰਤ ਪ੍ਰੇਮ ਸਿੰਘ ਜੀ ਮੁਰਾਲਾ, ਸੰਤ ਸੁੰਦਰ ਸਿੰਘ ਜੀ ਅਲੀ ਬੇਗ ਵਾਲੇ, ਪੰਡਤ ਨਿੱਕਾ ਸਿੰਘ ਜੀ ਢੱਲਾ, ਸੰਤ ਗੁਰਮੁਖ ਸਿੰਘ ਜੀ ਢੱਲਾ ਅਤੇ ਸੰਤ ਰਘਬੀਰ ਸਿੰਘ ਜੀ ਹਰਦੁਆਰ ਵਾਲੇ ਇਨ੍ਹਾਂ ਛੇਆਂ ਮਹਾਂਪੁਰਖਾਂ ਹਰ ਇਕ ਦੇ ਨਾਮ ਸੱਤ ਸੌ ਇਕਵੰਜਾ ਰੁਪਏ ਭੇਟਾ ਸ੍ਰੀ ਦਰਬਾਰ ਸਾਹਿਬ ਦੇ ਕੇ ਪੱਥਰ ਲੁਆਇਆ। ਆਪ ਜੀ ਦੇ ਪਾਸ ਇਨ੍ਹਾਂ ਦੀ ਭੈਣ ਦੀ ਕੁੱਝ ਰਕਮ ਸੀ, ਉਸ ਨੂੰ ਬੜੀ ਇਮਾਨਦਾਰੀ ਨਾਲ, ਸਾਲ ਦੇ ਸਾਲ ਅਖੰਡ ਪਾਠ ਕਰਵਾ ਕੇ, ਉਨ੍ਹਾਂ ਦੀ ਯਾਦ ਵਿਚ ਲੰਗਰ ਕਰਦੇ ਰਹੇ। ਇਨ੍ਹਾਂ ਦੀ ਭੈਣ ਦਾ ਇਕ ਸੋਨੇ ਦਾ ਗੁਲੂਬੰਦ ਸੀ, ਉਹ ਕਿਸੇ ਨੂੰ ਨਾ ਦਿੱਤਾ। ਉਹ ਸ੍ਰੀ ਦਰਬਾਰ ਸਾਹਿਬ ਭੇਟਾ ਕਰਕੇ ਜਲੌ ਵਾਲੀਆਂ ਚੀਜ਼ਾਂ ਵਿਚ ਸ਼ਾਮਲ ਕਰਾ ਦਿੱਤਾ, ਜਿਥੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਆਪਣੇ ਪੋਤਰੇ ਨੌਨਿਹਾਲ ਸਿੰਘ ਦੇ ਵਿਆਹ ਤੇ ਬਣੇ ਹੋਏ ਸਿਹਰੇ ਨੂੰ ਭੇਟਾ ਕੀਤਾ ਸ਼ਾਮਲ ਹੈ। ਇਹ ਚੀਜ਼ਾਂ ਗੁਰਪੁਰਬਾਂ ਦੇ ਜਲੌ ਵਿਚ ਸ੍ਰੀ ਹਰਿਮੰਦਰ ਸਾਹਿਬ ਸਜਾਈਆਂ ਜਾਂਦੀਆਂ ਹਨ। ਸ. ਬੂੜ ਸਿੰਘ ਜੀ ਦੀ ਗੁਰੂ ਘਰ ਵਿਚ ਅਥਾਹ ਸ਼ਰਧਾ ਸੀ। ਇਕ ਵੇਰ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਅਤੇ ਇਕ ਵੇਰ ਅਨੰਦਪੁਰ ਸਾਹਿਬ ਜੀ ਦੀ ਯਾਤਰਾ ਦਾਸ ਨੇ ਇਨ੍ਹਾਂ ਦੇ ਨਾਲ ਕੀਤੀ। ਆਪ ਦਾ ਬੜਾ ਉੱਚਾ ਜੀਵਨ ਸੀ। ਦੋ ਵਜੇ ਉੱਠ ਕੇ ਨੇਮ ਨਾਲ ਸੁਖਮਨੀ ਸਾਹਿਬ ਆਦਿ ਬਾਣੀਆਂ ਦੇ ਪਾਠ ਕਰਦੇ ਸਨ। ਸੰਤ ਬਾਬਾ ਪ੍ਰੇਮ ਸਿੰਘ ਜੀ ਨਾਲ ਬਹੁਤ ਪਿਆਰ ਸੀ। ਇਨ੍ਹਾਂ ਦੀ ਮਹਾਂਪੁਰਖਾਂ ਤੇ ਅਥਾਹ ਸ਼ਰਧਾ ਸੀ। ਇਧਰ ਆ ਕੇ ਆਪ ਜੀ ਅਕਾਲ ਪੁਰਖ ਦੇ ਹੁਕਮ ਵਿਚ ਕਾਹਨਪੁਰ ਵਿਖੇ 5 ਮਾਰਚ, 1984 ਮੁਤਾਬਕ ਚੇਤਰ 2041 ਬਿਕ੍ਰਮੀ ਨੂੰ ਅਕਾਲ ਚਲਾਣਾ ਕਰ ਗਏ।

ਆਪ ਜੀ ਦਾ ਬਹੁਤ ਵੱਡਾ ਪਰਿਵਾਰ ਸੀ। ਇਕ ਲੜਕੀ ਬੀਬੀ ਜੋਗਿੰਦਰ ਕੌਰ ਤੇ ਸੱਤ ਪੁੱਤਰ ਸਨ, ਜਿਨ੍ਹਾਂ ਵਿਚੋਂ ਉਨ੍ਹਾਂ ਦੇ ਸਪੁੱਤਰ ਸ. ਖਜ਼ਾਨ ਸਿੰਘ ਜੀ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਸੁਰਿੰਦਰ ਕੌਰ ਨੇ ਉਨ੍ਹਾਂ ਦੀ ਬਹੁਤ ਹੀ ਸੇਵਾ ਕੀਤੀ ਅਤੇ ਉਨ੍ਹਾਂ ਦੇ ਦਾਮਾਦ ਐਡਵੋਕੇਟ ਸ. ਅਮਰੀਕ ਸਿੰਘ ਜੀ ਤੇ ਲੜਕੀ ਬੀਬੀ ਜੋਗਿੰਦਰ ਕੌਰ ਨੇ ਭੀ ਉਨ੍ਹਾਂ ਦੀ ਬਹੁਤ ਖੁਸ਼ੀ ਹਾਸਲ ਕੀਤੀ। ਇਨ੍ਹਾਂ ਦਾ ਜ਼ਿਕਰ ਇਥੇ ਇਸ ਕਰਕੇ ਕੀਤਾ ਹੈ ਕਿ ਸ. ਬੂੜ ਸਿੰਘ ਜੀ ਮਹਾਂਪੁਰਖ ਬਾਬਾ ਪ੍ਰੇਮ ਸਿੰਘ ਜੀ ਦੇ ਅਨਿੰਨ ਭਗਤ ਸਨ।

## ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸ਼ਖ਼ਸ਼ੀਅਤ ਦਾ ਮੁਸਲਮਾਨਾਂ ਤੇ ਭੀ ਪ੍ਰਭਾਵ

ਜ਼ਿਲ੍ਹੇ ਗੁਜਰਾਤ ਦੀ ਤਹਿਸੀਲ ਗੁਜਰਾਤ ਵਿਚ ਥਾਨਾਂ ਕੜੀਆਂ ਵਾਲੇ ਵਿਚ ਲੁਬਾਣਾ ਬਰਾਦਰੀ ਦੇ ਬਹੁਤ ਪਿੰਡ ਸਨ ਤੇ ਮੁਸਲਮਾਨਾਂ ਦੀ ਅਬਾਦੀ ਤਾਂ ਬਹੁਤ ਹੀ ਸੀ। ਇਕ ਅਜਨਾਲਾ ਚੰਗਾ ਮੁਸਲਮਾਨਾਂ ਦਾ ਨਗਰ ਸੀ। ਇਸ ਨਗਰ ਦੇ ਚੌਧਰੀ ਫਜ਼ਲ ਅਲੀ ਮੈਜਿਸਟਰੇਟ ਦਰਜਾ ਅੱਵਲ ਸਨ। ਡਿਸਟ੍ਰਿਕਟ ਬੋਰਡ ਦੇ ਚੇਅਰਮੈਨ ਸਨ। ਇਨ੍ਹਾਂ ਦੇ ਤਹਿਸੀਲ ਫਾਲੀਆ ਵਿਚ ਬਹੁਤ ਮੁਰੱਬੇ ਸਨ। ਪਿੱਛੋਂ ਜਦੋਂ ਅਸੈਂਬਲੀਆਂ ਬਣੀਆਂ, ਉਦੋਂ ਉਹ ਐਮ.ਐਲ.ਏ. ਭੀ ਬਣ ਗਏ ਸਨ। ਇਨ੍ਹਾਂ ਦੀ ਉਸ ਵਕਤ ਜ਼ਿਲ੍ਹੇ ਵਿਚ ਬੜੇ ਭਾਰੀ ਤਾਕਤ ਸੀ। ਇਨ੍ਹਾਂ ਦੇ ਪਾਸ ਇਕ ਜ਼ੈਲ ਅਜਨਾਲੇ ਦੀ ਸੀ, ਜਿਥੇ ਇਨ੍ਹਾਂ ਦਾ ਲੜਕਾ ਜ਼ੈਲਦਾਰ ਸੀ। ਦੂਜੀ ਪੇਰੋਸ਼ਾਹ ਦੀ ਜ਼ੈਲ ਸੀ। (ਜਿਸ ਵਿਚ ਦਾਸ ਦਾ ਨਗਰ ਭਖੜੇ ਆਲੀ ਪੈਂਦਾ ਸੀ)। ਇਹ ਜ਼ੈਲ ਭੀ ਇਨ੍ਹਾਂ ਦੇ ਪਾਸ ਸੀ। ਇਥੇ ਇਨ੍ਹਾਂ ਦਾ ਆਪਣਾ ਹੀ ਸਰਬ੍ਰਾਹ ਜ਼ੈਲਦਾਰ ਸੀ। ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਉੱਤੇ ਇਨ੍ਹਾਂ ਦੀ ਬੜੀ ਸ਼ਰਧਾ ਸੀ। ਮੁਰਾਲੇ 13-14-15 ਭਾਦਰੋਂ ਦੇ ਜੱਗ ਵਿਚ ਚੌਧਰੀ ਫਜ਼ਲ ਅਲੀ ਆਪਣੇ ਲੜਕੇ ਨੂੰ ਭੇਟਾ ਦੇ ਕੇ ਹਮੇਸ਼ਾ ਭੇਜਦੇ ਸੀ ਕਿ ਮਹੰਤ ਸਾਹਿਬ ਜੀ ਦੀ ਸੇਵਾ ਵਿਚ ਜੱਗ ਲਈ ਤੁੱਛ ਭੇਟਾ ਅਰਪਣ ਕਰ ਆਵੋ ਤਾਂ ਕਿ ਸਾਡਾ ਭੀ ਖ਼ੁਦਾ ਕੁੱਝ ਭਲਾ ਕਰੇ।

**(ਚਲਦਾ)**

*****

# ਨਾਟਕ ਹੀ ਨਾਟਕ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

**ਫ਼ੂਨ ਦੀ ਆਵਾਜ਼** : (ਰੋਅਬ ਵਾਲੀ ਆਵਾਜ਼ ਵਿਚ) ਹੈਲੋ.....

**ਫ਼ੂਨ ਤੋਂ ਆਵਾਜ਼** : ਇਕ ਵਾਰ ਤੁਹਾਡਾ ਨਾਟਕ ਵੇਖਿਆ ਸੀ 'ਮਿੱਟੀ ਅਤੇ ਆਜ਼ਾਦੀ'। ਉਹਦੇ ਵਿਚ ਜਿਸ ਕੁੜੀ ਨੇ ਡੋਲੀ ਦਾ ਰੋਲ ਕੀਤਾ ਸੀ, ਉਸ ਕੁੜੀ ਨੇ ਸਾਰਿਆਂ ਨੂੰ ਮੋਹ ਲਿਆ ਸੀ, ਉਹਨੂੰ ਜ਼ਰੂਰ ਲੈ ਕੇ ਆਇਓ।

**ਸਨਮ** : ਤੁਸੀਂ ਫਿਰ ਉਸ ਕੁੜੀ ਕੋਲੋਂ ਪ੍ਰੋਗਰਾਮ ਕਰਵਾ ਲਉ। ਜਿਸ ਨੰਬਰ ਤੋਂ ਤੁਸੀਂ ਫ਼ੂਨ ਕਰ ਰਹੇ ਹੋ, ਇਹ ਤੁਹਾਡਾ ਏ?

**ਫ਼ੂਨ ਤੋਂ ਆਵਾਜ਼** : ਆਹੋ ਜੀ, ਤੁਹਾਨੂੰ ਫ਼ੂਨ ਨੰਬਰ ਵੀ ਦਿਆਂਗੇ ਤੇ ਕੁੱਝ ਹੋਰ ਵੀ ਤਿਆਂਗੇ ਗਰਮਾ ਗਰਮ।

**ਸਨਮ** : (ਰਸੀਵਰ ਰੱਖਦਾ ਹੋਇਆ) ਬਦਮਾਸ਼..... ਕੁੱਤਾ।

**ਸਿੰਮੀ** : ਉਹ ਬਦਮਾਸ਼ ਸੀ? (ਸਾਹ ਲੈਂਦੀ ਹੋਈ ਮੈਨੂੰ ਪਾਣੀ ਪਿਲਾਓ)।

**ਮਹਿੰਦਰ** : ਮਾਮਲਾ ਕੁੱਝ ਸੀਰੀਅਸ ਜ਼ਰੂਰ ਏ।

**ਸਿੰਮੀ** : ਮੈਂ ਇਹਨਾਂ ਨੂੰ ਕਿਹਾ ਸੀ ਉਹ ਕੁੜੀ ਨਾ ਰੱਖੋ, ਇਹਦੇ ਲੱਛਣ ਚੰਗੇ ਨਹੀਂ ਲੱਗਦੇ.....

**ਸਨਮ** : ਹੋਰ ਕਿਹਨੂੰ ਰੱਖਦੇ?

**ਮਹਿੰਦਰ** : ਕਿਸੇ ਚੰਗੇ ਘਰ ਦੀ ਲੜਕੀ ਰੱਖ ਲੈਂਦੇ।

**ਸਨਮ** : ਅਪਣੇ ਆਪ ਨੂੰ ਚੰਗੇ ਘਰਾਂ ਦੇ ਕਹਿਣ ਵਾਲੇ ਲੋਕ ਨਹੀਂ ਚਾਹੁੰਦੇ ਕਿ ਉਹਨਾਂ ਦੀਆਂ ਲੜਕੀਆਂ ਸਟੇਜ਼ 'ਤੇ ਚੜ੍ਹਣ ਵੀ। ਮੈਂ ਕਈ ਲੜਕੀਆਂ ਦੇ ਮਾਪਿਆਂ ਅੱਗੇ ਬਥੇਰੀ ਸਿਰ ਖਪਾਈ ਕੀਤੀ ਕਿ ਸਾਡੇ ਨਾਟਕ ਸਮਾਜ ਵਿਚਲੀਆਂ ਬੁਰਾਈਆਂ ਨੂੰ ਪੇਸ਼ ਕਰਦੇ ਨੇ। ਇਕ ਲੜਕੀ ਦੇ ਮਾਪਿਆਂ ਨੂੰ ਮਸਾਂ ਮਨਾਇਆ ਪਰ ਦੂਜੇ ਦਿਨ ਈ ਉਹਨਾਂ ਜਵਾਬ ਦੇ ਦਿੱਤਾ। ਕਹਿੰਦੇ–ਕੁੜੀ ਦਾ ਮਾਮਾ ਨਹੀਂ ਮੰਨਦਾ।

**ਸਿੰਮੀ** : ਚੰਗੀ ਕੁੜੀ ਨਹੀਂ ਸੀ ਲੱਭਦੀ ਤਾਂ ਨਾ ਰੱਖਦੇ ਏਸ ਬੇਸ਼ਰਮ ਰੋਜ਼ੀ ਨੂੰ।

**ਸਨਮ** : (ਸਿੰਮੀ ਨੂੰ) ਮੈਂ ਤਾਂ ਤੈਨੂੰ ਕਿਹਾ ਸੀ ਤੂੰ ਈ ਕਰ ਲਿਆ ਕਰ ਰੋਲ।

**ਸਿੰਮੀ** : ਮੈਂ ਕਿਉਂ ਪਵਾਂ ਇਸ ਕੰਜਰਖਾਨੇ ਵਿਚ?

**ਸਨਮ** : ਇਹ ਕੰਜਰਖਾਨਾ ਏ?

**ਸਿੰਮੀ** : ਹੋਰ ਕੀ।

**ਮਹਿੰਦਰ** : ਤੁਸੀਂ ਆਪਸ ਵਿਚ ਨਾ ਲੜੋ। ਆਉਣ ਵਾਲੇ ਖ਼ਤਰੇ ਦਾ ਸੋਚੋ ਕੀ ਕਰਨੈਂ। ਇਹ ਕੁੜੀ ਬਦਮਾਸ਼ਾਂ ਦੇ ਢਹੇ ਚੜ੍ਹੀ ਹੋਈ ਏ੍ਸ਼ ਬਦਮਾਸ਼ ਲੋਕ ਕਿਸੇ ਦੇ ਮਗਰ ਨਾ ਪੈ ਜਾਣ।
(ਸਨਮ ਸੋਚਾਂ ਵਿਚ ਡੁੱਬ ਜਾਂਦਾ ਹੈ)
ਕੀ ਸੋਚ ਰਿਹੈਂ ਯਾਰ?

**ਸਨਮ** : ਸੋਚ ਰਿਹਾਂ.....

**(ਚਲਦਾ)**

# ਮੈਡੀਕਲ ਖੇਤਰ ਵਿਚ ਸੰਗੀਤ ਦਾ ਕਮਾਲ






ਡਾ. ਹਰਸ਼ਿੰਦਰ ਕੌਰ
ਐਮ.ਡੀ.
0175-2216783


ਹਜ਼ਾਰਾਂ ਸਾਲ ਪਹਿਲਾਂ ਦੇ ਕੁਝ ਸਬੂਤ ਮਿਲਦੇ ਹਨ ਕਿ ਯੂਨਾਨੀ ਚਿੰਤਕ ਇਹ ਮੰਨ ਚੁੱਕੇ ਸਨ ਕਿ ਸੰਗੀਤ ਸਰੀਰ ਦੇ ਨਾਲ-ਨਾਲ ਰੂਹ ਨੂੰ ਵੀ ਨਰੋਆ ਰੱਖਣ ਵਿਚ ਮਦਦ ਕਰਦਾ ਹੈ। ਇਸੇ ਲਈ ਕਿਸੇ ਵੀ ਗੰਭੀਰ ਬਿਮਾਰੀ ਦੌਰਾਨ ਪੁਰਾਣੇ ਸਮਿਆਂ ਵਿਚ ਅਮਰੀਕਨ ਵੀ ਉਸੇ ਸੋਚ ਤਹਿਤ ਮਰੀਜ਼ ਨੇੜੇ ਹਲਕਾ ਸੰਗੀਤ ਵਜਾਉਂਦੇ ਰਹਿੰਦੇ ਸਨ। ਹੋਰ ਤਾਂ ਹੋਰ, ਦੂਜੀ ਵਿਸ਼ਵ ਜੰਗ ਵੇਲੇ ਅਮਰੀਕਨ ਹਸਪਤਾਲਾਂ ਵਿਚ ਬੰਬ ਨਾਲ ਗੰਭੀਰ ਜ਼ਖ਼ਮੀ (ਲੱਤ ਜਾਂ ਬਾਂਹ ਕੱਟੀ ਗਈ ਹੋਵੇ) ਮਰੀਜ਼ਾਂ ਨੂੰ ਮਾਨਸਿਕ ਪੱਖੋਂ ਮਜ਼ਬੂਤ ਕਰਨ ਲਈ ਉਨ੍ਹਾਂ ਨੂੰ ਦੋ ਘੰਟੇ ਰੋਜ਼ ਸੰਗੀਤ ਸੁਣਾਉਂਦੇ ਹੁੰਦੇ ਸਨ। ਉਸ ਦੇ ਵਧੀਆ ਸਿੱਟੇ ਨਿਕਲਦੇ ਵੇਖ ਸੰਨ 1944 ਵਿਚ ਮਿਸ਼ੀਗਨ ਯੂਨੀਵਰਸਿਟੀ ਵਿਚ ਪਹਿਲੀ ਵਾਰ ਸੰਗੀਤ ਨੂੰ ਇਲਾਜ ਦੇ ਤੌਰ ’ਤੇ ਵਰਤਿਆ ਗਿਆ ਅਤੇ ਇੰਜ ਦੁਨੀਆ ਦਾ ਪਹਿਲਾ ਮਿਊਜ਼ਿਕ ਥੈਰਪੀ ਪ੍ਰੋਗਰਾਮ ਸ਼ੁਰੂ ਹੋ ਗਿਆ। ਮੌਜੂਦਾ ਸਮੇਂ ਵਿਚ ਲਗਭਗ ਸੱਤਰ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਅਮਰੀਕਨ ਮਿਊਜ਼ਿਕ ਥੈਰਪੀ ਐਸੋਸੀਏਸ਼ਨ ਵੱਲੋਂ ਡਿਗਰੀ ਕੋਰਸ ਸ਼ੁਰੂ ਹੋ ਚੁੱਕੇ ਹਨ, ਜਿਨ੍ਹਾਂ ਵਿਚ ਵਿਦਿਆਰਥੀਆਂ ਨੂੰ 1200 ਘੰਟੇ ਦੀ ਟ੍ਰੇਨਿੰਗ ਤੇ ਦੋ ਇਨਟਰਨਸ਼ਿਪ ਕਰਨ ਦੇ ਬਾਅਦ ਬੈਚਲਰ ਡਿਗਰੀ ਦਿੱਤੀ ਜਾਂਦੀ ਹੈ। ਇਸ ਵੇਲੇ ਅਮਰੀਕਾ ਵਿਚ ਹਜ਼ਾਰਾਂ ਵਿਦਿਆਰਥੀ ਮਿਊਜ਼ਿਕ ਥੈਰਪੀ ਦੀ ਡਿਗਰੀ ਹਾਸਲ ਕਰ ਕੇ ਮਰੀਜ਼ਾਂ ਦਾ ਇਲਾਜ ਕਰਨ ਵਿਚ ਜੁਟੇ ਹੋਏ ਹਨ ਅਤੇ ਵਧੀਆ ਕਮਾਈ ਕਰ ਰਹੇ ਹਨ। ਕਈ ਤਾਂ ਚੋਟੀ ਦੇ ਕੈਂਸਰ ਹਸਪਤਾਲਾਂ ਵਿਚ ਸੀਰੀਅਸ ਮਰੀਜ਼ਾਂ ਦੇ ਇਲਾਜ ਵਿਚ ਜੁਟੇ ਹੋਏ ਹਨ। ਅਲੱਗ-ਅਲੱਗ ਤਰ੍ਹਾਂ ਦੇ ਸੰਗੀਤ ਨਾਲ ਕਿਸੇ ਦੀ ਦਰਦ ਨੂੰ ਆਰਾਮ ਪਹੁੰਚਾਇਆ ਜਾ ਰਿਹਾ ਹੈ ਤੇ ਕਈਆਂ ਨੂੰ ਮਾਨਸਿਕ ਪੱਖੋਂ ਢਹਿੰਦੀ ਕਲਾ ਵਿਚੋਂ ਬਾਹਰ ਕੱਢਣ ਲਈ ਸੰਗੀਤ ਦੀ ਵਰਤੋਂ ਹੋ ਰਹੀ ਹੈ। ਇਹ ਇਲਾਜ ਕਰਨ ਦਾ ਢੰਗ ਏਨਾ ਅਸਰਦਾਰ ਸਾਬਤ ਹੋ ਚੁੱਕਿਆ ਹੈ ਕਿ ਹੁਣ ਅਮਰੀਕਨ ਹੈਲਥ ਇੰਸ਼ੋਰੈਂਸ ਵਿਚ ਵੀ ਮਿਊਜ਼ਿਕ ਥੈਰਪੀ ਸ਼ਾਮਿਲ ਕਰ ਲਈ ਗਈ ਹੈ।

ਆਓ, ਬੱਚਿਆਂ ਤੇ ਵੱਡਿਆਂ ਵਿਚ ਹੋਈਆਂ ਖੋਜਾਂ ਦਾ ਜ਼ਿਕਰ ਕਰੀਏ।

ਬਹੁਤ ਵਧੇ ਹੋਏ ਕੈਂਸਰ ਦੇ ਮਰੀਜ਼ਾਂ ਨੂੰ ਜਦੋਂ ਤੇਜ਼ ਕਿਰਨਾਂ ਨਾਲ ਇਲਾਜ ਕਰੀਏ ਤਾਂ ਉਲਟੀ ਆਉਣੀ ਤੇ ਦਿਲ ਕੱਚਾ ਹੁੰਦੇ ਰਹਿਣਾ ਆਮ ਹੀ ਵੇਖਣ ਵਿਚ ਆਉਂਦਾ ਹੈ। ਪਰ, ਜਦੋਂ ਅਜਿਹੇ ਮਰੀਜ਼ਾਂ ਨੂੰ ਸੰਗੀਤ ਥੈਰਪੀ ਦਿੱਤੀ ਗਈ ਤਾਂ ਉਲਟੀ ਤੇ ਦਿਲ ਕੱਚਾ ਹੋਣਾ ਘੱਟ ਹੋ ਗਿਆ।

ਹੁਣੇ ਜਿਹੇ ਹੋਈਆਂ ਖੋਜਾਂ ਵਿਚ ਜਦੋਂ ਸ਼ੁਰੂਆਤੀ ਕੈਂਸਰ ਦਾ ਪਤਾ ਲੱਗਣ ਉੱਤੇ ਮਰੀਜ਼ ਢਹਿੰਦੀ ਕਲਾ ਵਿਚ ਗਏ ਤਾਂ ਉਨ੍ਹਾਂ ਉੱਤੇ ਵੀ ਸੰਗੀਤ ਥੈਰਪੀ ਅਜ਼ਮਾਈ ਗਈ। ਬਹੁਗਿਣਤੀ ਮਰੀਜ਼ਾਂ ਦਾ ਬਲੱਡ ਪ੍ਰੈਸ਼ਰ ਠੀਕ ਹੋ ਗਿਆ, ਵਧੀ ਹੋਈ ਧੜਕਨ ਵੀ ਨਾਰਮਲ ਹੋ ਗਈ, ਸਾਹ ਦਾ ਤੇਜ਼ਾ ਹੋਣਾ ਵੀ ਠੀਕ ਹੋ ਗਿਆ, ਨੀਂਦਰ ਵੀ ਕੁਝ ਹੱਦ ਤੱਕ ਠੀਕ ਆਉਣ ਲੱਗ ਪਈ, ਤਣਾਓ ਵੀ ਘਟਿਆ ਹੋਇਆ ਲੱਭਿਆ ਤੇ ਢਹਿੰਦੀ ਕਲਾ ਵਿਚੋਂ ਵੀ ਉਹ ਛੇਤੀ ਬਾਹਰ ਨਿਕਲੇ।

ਅਜਿਹੀ ਲਗਾਤਾਰ ਕੀਤੀ ਖੋਜ ਦੇ ਸਿੱਟੇ ਅਖ਼ੀਰ ਇਹ ਨਿਕਲੇ ਕਿ ਸੰਗੀਤ ਦੀਆਂ ਮਧੁਰ ਧੁਨਾਂ ਦਿਮਾਗ਼ ਵਿਚਲੀਆਂ ਤਰੰਗਾਂ ਨਾਲ ਛੇੜਛਾੜ ਕਰਦੀਆਂ ਹਨ, ਦਿਮਾਗ਼ ਅੰਦਰ ਨਸਾਂ ਵਿਚ ਚਲਦੇ ਲਹੂ ਨੂੰ ਰਵਾਂ ਕਰਦੀਆਂ ਹਨ ਅਤੇ ਤਣਾਓ ਪੈਦਾ ਕਰਨ ਵਾਲੇ ਹਾਰਮੋਨਾਂ ਦੀ ਮਾਤਰਾ ਘਟਾ ਦਿੰਦੀਆਂ ਹਨ। ਇਹ ਅਸਰ ਸੰਗੀਤ ਥੈਰਪੀ ਤੋਂ ਤੁਰੰਤ ਬਾਅਦ ਵੇਖਣ ਵਿਚ ਆਉਂਦੇ ਹਨ। ਪਰ, ਅਫਸੋਸ ਇਹ ਅਸਰ ਥੋੜ੍ਹ-ਚਿਰੀ ਹੁੰਦੇ ਹਨ। ਜਦੋਂ ਹੀ ਸੰਗੀਤ ਦੀਆਂ ਤਰੰਗਾਂ ਬੰਦ ਹੋਈਆਂ, ਘੰਟੇ ਕੁ ਬਾਅਦ ਹੀ ਪੀੜ, ਥਕਾਵਟ ਤੇ ਢਹਿੰਦੀ ਕਲਾ ਸਰੀਰ ਨੂੰ ਫਿਰ ਜਕੜ ਲੈਂਦੇ ਹਨ।

ਵਿਦਿਆਰਥੀਆਂ ਵਿਚ ਵੀ ਸੰਗੀਤ ਦਾ ਅਸਰ ਵੇਖਣ ਲਈ ਕਈ ਖੋਜਾਂ ਕੀਤੀਆਂ ਗਈਆਂ। ਜਿਹੜੇ ਵਿਦਿਆਰਥੀ ਰੋਜ਼ ਇਕ ਘੰਟਾ ਹਲਕਾ ਮਧੁਰ ਸੰਗੀਤ ਖੁੱਭ ਕੇ ਸੁਣਦੇ ਰਹੇ, ਉਨ੍ਹਾਂ ਵਿਦਿਆਰਥੀਆਂ ਦੀ ਯਾਦ-ਸ਼ਕਤੀ ਵਧ ਗਈ, ਆਈ-ਕਿਊ ਵੀ ਵਧਿਆ ਅਤੇ ਕੰਮਕਾਰ ਕਰਨ ਦੀ ਸਮਰਥਾ ਵੀ ਵਧ ਗਈ।

ਕੁਝ ਖੋਜਾਂ ਵਿਚ ਸੰਗੀਤ ਦਾ ਬਹੁਤਾ ਅਸਰ ਨਹੀਂ ਦਿਸਿਆ। ਇਸ ਵਿਚ ਆਪਰੇਸ਼ਨ ਦੌਰਾਨ ਜਾਂ ਇਕਦਮ ਬਾਅਦ ਮਰੀਜ਼ਾਂ ਨੂੰ ਸ਼ੋਰਗੁਲ ਵਾਲੇ ਸੰਗੀਤ ਦੀਆਂ ਧੁਨਾਂ ਸੁਣਾਈਆਂ ਗਈਆਂ। ਇਨ੍ਹਾਂ ਮਰੀਜ਼ਾਂ ਦੀ ਘਬਰਾਹਟ ਵਿਚ ਉੱਕਾ ਹੀ ਕਮੀ ਨਹੀਂ ਲੱਭੀ ਗਈ।

ਸੰਗੀਤ ਥੈਰਪੀ ਤਹਿਤ ਮਰੀਜ਼ਾਂ ਦੀ ਲੋੜ ਅਨੁਸਾਰ ਤੇ ਉਨ੍ਹਾਂ ਦੀ ਪਸੰਦ ਦਾ ਸੰਗੀਤ ਘੜਿਆ ਵੀ ਜਾਂਦਾ ਹੈ। ਕਈ ਮਰੀਜ਼ ਸਿਰਫ਼ ਸੰਗੀਤ ਸੁਣਨਾ ਹੀ ਨਹੀਂ ਬਲਕਿ ਨਾਲੋ-ਨਾਲ ਗੁਣਗੁਣਾਉਣਾ ਵੀ ਪਸੰਦ ਕਰਦੇ ਹਨ।

ਕੋਈ ਲੰਮੀ ਹੇਕ ਵਾਲਾ, ਕੋਈ ਹੌਲੀ-ਹੌਲੀ ਟੁਣਕਦਾ ਸੰਗੀਤ, ਕੋਈ ਦਰਦਨਾਕ ਗੀਤ ਸੁਣਨਾ ਚਾਹੁੰਦਾ ਹੈ ਤੇ ਕੋਈ ਆਪਣੇ ਲਿਖੇ ਗੀਤ ਦੀਆਂ ਨਵੀਆਂ ਧੁਨਾਂ ਸੁਣਨਾ ਪਸੰਦ ਕਰਦਾ ਹੈ।

ਆਮ ਤੌਰ 'ਤੇ ਸੰਗੀਤ ਥੈਰਾਪਿਸਟ ਆਪਰੇਸ਼ਨ ਕਰਨ ਵਾਲੇ ਹਸਪਤਾਲਾਂ ਵਿਚ, ਕੈਂਸਰ ਹਸਪਤਾਲਾਂ ਵਿਚ, ਹੌਸਪਿਸ ਸੈਂਟਰ ਵਿਚ ਆਖ਼ਰੀ ਸਾਹ ਗਿਣਦੇ ਮਰੀਜ਼ਾਂ ਕੋਲ ਉਨ੍ਹਾਂ ਦੇ ਘਰਾਂ ਵਿਚ ਇਲਾਜ ਕਰਦੇ ਹਨ ਜਿੱਥੇ ਮਰੀਜ਼ ਮੰਜੇ ਉੱਤੇ ਪੈ ਚੁੱਕਿਆ ਹੋਵੇ। ਇਕ ਹੋਰ ਕਿਸਮ—'ਮਿਊਜ਼ਿਕ ਥੈਨਾਟੋਲੋਜੀ' ਵਿਚ ਸੰਗੀਤ ਦੀ ਵਰਤੋਂ ਮਰੀਜ਼ ਦੇ ਆਖ਼ਰੀ ਸਾਹ ਛੱਡਣ ਸਮੇਂ ਦੀ ਤਕਲੀਫ਼ ਘਟਾਉਣ ਲਈ ਕੀਤੀ ਜਾਂਦੀ ਹੈ। ਮਰੀਜ਼ ਭਾਵੇਂ ਘਰ ਹੋਵੇ ਜਾਂ ਹੌਸਪਿਸ ਕੇਅਰ ਸੈਂਟਰ ਵਿਚ, ਉਸ ਦਾ ਮਨਪਸੰਦ ਭਜਨ, ਸ਼ਬਦ ਜਾਂ ਕੋਈ ਵੀ ਮੱਧਮ ਧੁਨ ਉਸ ਦਾ ਆਖ਼ਰੀ ਸਾਹ ਛੱਡਣ ਸਮੇਂ ਜੇ ਚਲਦਾ ਹੋਵੇ ਤਾਂ ਉਸ ਦੀ ਤਕਲੀਫ਼ ਘਟ ਜਾਂਦੀ ਹੈ।

ਸੰਗੀਤ ਥੈਰਪੀ ਸਿਰਫ਼ ਪੂਰੀ ਟ੍ਰੇਨਿੰਗ ਲਏ ਬੰਦੇ ਵੱਲੋਂ ਹੀ ਕਰਨੀ ਚਾਹੀਦੀ ਹੈ ਵਰਨਾ ਗ਼ਲਤ ਸੰਗੀਤ ਦੀ ਚੋਣ ਅਤੇ ਬੇਸੁਰੇ ਸਾਜ਼ ਸਗੋਂ ਮਰੀਜ਼ ਦੀ ਤਕਲੀਫ਼ ਕਈ ਗੁਣਾ ਵਧਾ ਦਿੰਦੇ ਹਨ। ਓਟਿਜ਼ਮ ਦੇ ਮਰੀਜ਼ਾਂ ਵਿਚ ਟਿਕ ਕੇ ਨਾ ਬਹਿ ਸਕਣ ਅਤੇ ਪੂਰਾ ਧਿਆਨ ਨਾ ਲਾ ਸਕਣ ਵਿਚ ਵੀ ਸੰਗੀਤ ਥੈਰਪੀ ਬਾਅਦ ਫ਼ਾਇਦਾ ਹੋਇਆ ਵੇਖਿਆ ਗਿਆ ਤੇ ਅਜਿਹੇ ਬੱਚਿਆਂ ਦੇ ਸੁਭਾਅ ਵਿਚ ਵੀ ਓਨੀ ਦੇਰ ਫ਼ਰਕ ਪਿਆ ਰਿਹਾ।

ਅਮਰੀਕਨ ਨਸ਼ਾ ਛਡਾਊ ਕੇਂਦਰਾਂ ਵਿਚ ਵੀ ਸੰਗੀਤ ਥੈਰਪੀ ਕਾਫੀ ਅਸਰ ਵਿਖਾ ਰਹੀ ਹੈ ਤੇ ਨਸ਼ਾ ਛੱਡਣ ਵਾਲਿਆਂ ਨੂੰ ਰੋਜ਼ ਇਕ ਘੰਟਾ ਸੰਗੀਤ ਦੀਆਂ ਕਲਾਸਾਂ ਵਿਚ ਬਿਠਾਇਆ ਜਾਂਦਾ ਹੈ।

ਇਜ਼ਰਾਈਲ ਦੇ ਮੈਡੀਕਲ ਸੈਂਟਰ ਵਿਚ ਨਵਜੰਮੇ ਬੱਚਿਆਂ ਦੀ



ਹਸਪਤਾਲ ਵਿਚਲੀ ਨਰਸਰੀ ਵਿਚ ਸੂਈਆਂ ਨਾਲ ਵਿੰਨ੍ਹੇ ਪਏ ਅਤੇ ਆਕਸੀਜਨ ਦੀਆਂ ਪਾਈਪਾਂ ਜਾਂ ਵੈਂਟੀਲੇਟਰ ਨਾਲ ਜਕੜੇ ਵਕਤ ਤੋਂ ਪਹਿਲਾਂ ਜੰਮੇ ਬੱਚਿਆਂ ਉੱਤੇ ਵੀ ਨਰਸਰੀ ਅੰਦਰਲੀ ਖਟਰ ਪਟਰ ਦੇ ਵਿਚ ਹਲਕਾ ਮਧੁਰ ਸੰਗੀਤ ਵਜਾ ਕੇ ਉਸ ਦਾ ਅਸਰ ਘੋਖਿਆ ਗਿਆ। ਪਿਆਰੀ ਪੁਚਕਾਰ ਅਤੇ ਥਪਥਪਾ ਕੇ ਸੁਆਉਣ ਵਾਲੀ ਧੁਨ ਜਦੋਂ ਰੋਜ਼ ਅੱਧੇ ਘੰਟੇ ਲਈ ਅਜਿਹੇ ਬੱਚਿਆਂ ਕੋਲ ਵਜਾਈ ਗਈ ਤਾਂ ਲਗਭਗ ਸਾਰੇ ਹੀ ਬੱਚਿਆਂ ਨੂੰ ਨੀਂਦਰ ਠੀਕ ਆਉਣੀ ਸ਼ੁਰੂ ਹੋ ਗਈ ਅਤੇ ਉਨ੍ਹਾਂ ਨੇ ਦੁੱਧ ਵੀ ਛੇਤੀ ਹਜ਼ਮ ਕਰਨਾ ਸ਼ੁਰੂ ਕਰ ਦਿੱਤਾ।

ਖੋਜ ਦੇ ਸਿੱਟੇ ਏਨੇ ਕਮਾਲ ਦੇ ਸਨ ਕਿ ਦੁਨੀਆ ਦੇ ਚੋਟੀ ਦੇ ਬੱਚਿਆਂ ਦੇ ਮੈਡੀਕਲ ਜਰਨਲ 'ਪੀਡੀਐਟਰਿਕਸ' ਵਿਚ ਇਹ ਖੋਜ ਛਪੀ ਕਿ ਸੰਗੀਤ ਨਾਲ ਬੱਚਿਆਂ ਦਾ ਭਾਰ ਛੇਤੀ ਵਧਿਆ, ਉਨ੍ਹਾਂ ਦੇ ਦਿਮਾਗ਼ ਦੀਆਂ ਤਰੰਗਾਂ ਛੇਤੀ ਨਾਰਮਲ ਹੋਈਆਂ, ਦੁੱਧ ਛੇਤੀ ਚੁੰਘਣ ਲੱਗ ਪਏ, ਬਿਮਾਰੀ ਨਾਲ ਲੜਨ ਦੀ ਤਾਕਤ ਵੀ ਵਧੀ ਤੇ ਮਾਪਿਆਂ ਦਾ ਤਣਾਓ ਵੀ ਘਟ ਗਿਆ।

ਸੋ, ਇਹ ਸਪੱਸ਼ਟ ਹੋ ਗਿਆ ਕਿ ਸੰਗੀਤ ਦੀ ਸਹੀ ਚੋਣ ਨਾਲ ਸਰੀਰ ਦੇ ਵਧੀਆ ਹਾਰਮੋਨ ਵਧ ਜਾਂਦੇ ਹਨ ਅਤੇ ਸਰੀਰ ਦੇ ਨਾਲ ਦਿਮਾਗ਼ ਵੀ ਚੁਸਤ ਮਹਿਸੂਸ ਕਰਨ ਲੱਗ ਪੈਂਦਾ ਹੈ ਅਤੇ ਥਕਾਵਟ ਘਟ ਜਾਂਦੀ ਹੈ।

ਐਲਬਰਟਾ ਦੀ ਯੂਨੀਵਰਸਿਟੀ ਵਿਚ ਵੀ ਹੋਈ ਖੋਜ ਦੇ ਸਿੱਟੇ ਇਕਦਮ ਪਹਿਲਾਂ ਦੀ ਕੀਤੀ ਖੋਜ ਨਾਲ ਮੇਚਦੇ ਹੋਏ ਤੇ ਸਿੰਗਾਪੁਰ ਵਿਚ ਵੀ ਸੰਗੀਤ ਥੈਰਪੀ ਉੱਤੇ ਹੋਈ ਖੋਜ ਦੇ ਵਧੀਆ ਸਿੱਟੇ ਸਾਹਮਣੇ ਆਏ।

ਯੂਨੀਵਰਸਿਟੀ ਆਫ ਟੋਰਾਂਟੋ ਦੇ ਪ੍ਰੋਫੈਸਰ 'ਲੀ ਬਾਰਟੇਲ' ਨੇ ਸੰਗੀਤ ਥੈਰਪੀ ਉੱਤੇ ਡੂੰਘੀ ਖੋਜ ਕਰਕੇ 'ਵਾਈਬਰੋ ਅਕਾਊਸਟਿਕ ਥੈਰਪੀ' ਅਰੰਭੀ ਜਿਸ ਵਿਚ ਸੰਗੀਤ ਦੀਆਂ ਧੁਨਾਂ ਨਾਲ ਉਤਪੰਨ ਹੋਈਆਂ ਤਰੰਗਾਂ ਦਾ ਪਾਰਕਿਨਸਨ ਰੋਗੀਆਂ, ਫਾਈਬਰੋਮਾਇਐਲਜੀਆ ਦੇ ਮਰੀਜ਼ਾਂ ਅਤੇ ਢਹਿੰਦੀ ਕਲਾ ਵਾਲੇ ਮਰੀਜ਼ਾਂ ਉੱਤੇ ਅਸਰ ਘੋਖਿਆ। ਓਂਟਾਰੀਓ ਵਿਚਲੇ ਵਾਟਰਲੂ ਦੀ ਯੂਨੀਵਰਸਿਟੀ ਵਿਚ ਵੀ ਇਹੀ ਖੋਜ ਇਕੋ ਸਮੇਂ ਅਰੰਭ ਕੀਤੀ ਗਈ। ਦੋਵਾਂ ਖੋਜਾਂ ਦਾ ਨਤੀਜਾ ਕਮਾਲ ਦਾ ਸੀ। ਦਸ ਮਿੰਟ ਦੀਆਂ ਮਧੁਰ ਸੰਗੀਤ ਦੀਆਂ ਧੁਨਾਂ ਨੇ ਪਾਰਕਿਨਸਨ ਰੋਗੀਆਂ ਦੇ ਸਰੀਰ ਦੀ ਅਕੜਨ ਕਾਫੀ ਚਿਰ ਲਈ ਘਟਾ ਦਿੱਤੀ ਅਤੇ ਉਨ੍ਹਾਂ ਦੀ ਚਾਲ ਕਾਫ਼ੀ ਚਿਰ ਲਈ ਠੀਕ ਹੋ ਗਈ। ਕਿਆਸ ਲਾਇਆ ਗਿਆ ਕਿ ਦਿਮਾਗ਼ ਦੇ ਥੈਲਾਮਸ ਹਿੱਸੇ ਵਿਚੋਂ ਨਿਕਲਦੀਆਂ ਤਰੰਗਾਂ ਦੀ ਛੇੜ-ਛਾੜ ਸਦਕਾ ਹੀ ਇਹ ਸੰਭਵ ਹੋ ਸਕਿਆ।


ਹੁਣ ਨਾਰਥ ਕੈਰੋਲੀਨਾ ਚਿਲਡਰਨ ਹਸਪਤਾਲ ਵਿਚ ਹਰ ਹਫ਼ਤੇ 20 ਘੰਟੇ ਗਿਟਾਰ ਤੇ ਪਿਆਨੋ ਵਜਾਇਆ ਜਾਂਦਾ ਹੈ, ਜਿਥੇ ਬੱਚੇ ਤੇ ਮਾਪੇ ਜਾਣਾ ਪਸੰਦ ਕਰਦੇ ਹਨ ਅਤੇ ਮਰੀਜ਼ ਬਾਕੀ ਹਸਪਤਾਲਾਂ ਨਾਲੋਂ ਛੇਤੀ ਠੀਕ ਹੋ ਕੇ ਘਰ ਮੁੜ ਰਹੇ ਹਨ। ਇਨ੍ਹਾਂ ਸਾਰੀਆਂ ਖੋਜਾਂ ਵਿਚੋਂ ਦੋ ਗੱਲਾਂ ਬੜੀਆਂ ਸਪੱਸ਼ਟ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦੀਆਂ ਹਨ।

**ਪਹਿਲੀ** : ਸੰਗੀਤ ਬਿਮਾਰੀ ਵਿਚ ਕਮਾਲ ਦਾ ਅਸਰ ਵਿਖਾਉਂਦਾ ਹੈ।

**ਦੂਜੀ** : ਸਿਰਫ ਮਧੁਰ ਸੰਗੀਤ ਦਾ ਹੀ ਵਧੀਆ ਅਸਰ ਵੇਖਿਆ ਗਿਆ ਹੈ। ਤਿੱਖਾ, ਸ਼ੋਰ ਪਾਉਣ ਵਾਲਾ ਜਾਂ ਭੜਕਾਊ ਸੰਗੀਤ ਦਾ ਸਰੀਰ ਅਤੇ ਦਿਮਾਗ਼ ਉੱਤੇ ਮਾੜਾ ਅਸਰ ਤਾਂ ਪੈਂਦਾ ਹੀ ਹੈ ਪਰ ਦਿਲ ਦੇ ਦੌਰੇ ਨਾਲ ਮੌਤ ਤੱਕ ਵੀ ਹੋ ਸਕਦੀ ਹੈ।

# ਨਸ਼ੇ, ਨਸ਼ੇ, ਨਸ਼ੇ, ਮਾਰ ਲਿਆ ਨਸ਼ਿਆਂ ਨੇ ਪੰਜਾਬ ਨੂੰ

**ਕਦੇ ਸਮਾਂ ਸੀ ਪੰਜਾਬੀ ਨਸ਼ਿਆਂ ਤੋਂ ਦੂਰ ਇੱਕ ਸੁਖਾਵੇਂ ਮਾਹੌਲ 'ਚ ਵਿਚਰਦੇ ਆਪਣੇ ਬੱਚਿਆਂ ਦੇ ਭਵਿੱਖ ਲਈ ਤਤਪਰ ਇੱਕ ਹਸਦੀ ਰਸਦੀ ਸੂਝਵਾਨ ਕੌਮ ਵਜੋਂ ਜਾਣੇ ਜਾਂਦੇ ਸਨ। ਅੱਜ ਪੰਜਾਬ ਨਸ਼ਿਆਂ ਦਾ ਪੰਜਾਬ ਬਣਦਾ ਜਾ ਰਿਹਾ ਹੈ। ਵਿਆਹ, ਸ਼ਾਦੀਆਂ, ਅਖੰਡ-ਪਾਠਾਂ ਦੇ ਭੋਗ ਸਮੇਂ ਜਿਸ ਬੇਹਿਆਈ ਨਾਲ ਸ਼ਰਾਬ ਤੇ ਹੋਰ ਨਸ਼ਿਆਂ ਦਾ ਸੇਵਨ ਮੈਰਿਜ ਪੈਲਿਸ, ਜਨਤਕ ਥਾਵਾਂ ਉਤੇ ਹੋਣ ਲੱਗ ਪਿਆ ਹੈ, ਉਹ ਪੰਜਾਬੀ ਕੌਮ ਲਈ ਘਾਤਕ ਹੋਣ ਲੱਗਿਆ ਹੈ।**



ਕਿਸਨੂੰ ਨਹੀ ਪਤਾ ਨਸ਼ਾ ਮਾੜੀ ਚੀਜ਼ ਹੈ? ਭਾਵੇਂ ਇਹ ਨਸ਼ਾ ਅਫਰੇਂਵੀਂ ਤਾਕਤ ਦਾ ਹੈ, ਜਾਂ ਅਫੀਮ ਦਾ। ਇਹ ਨਸ਼ਾ ਰਾਜਸੀ ਗਰੂਰ ਦਾ ਹੈ ਜਾਂ ਸ਼ਰਾਬ ਦਾ। ਇਹ ਨਸ਼ਾ ਰੂਪ ਜਵਾਨੀ ਦਾ ਹੈ ਜਾਂ ਸਮੈਕ ਦਾ। ਇਹ ਨਸ਼ਾ ਦੌਲਤ, ਧਨ ਦਾ ਹੈ ਜਾਂ ਡੋਡਿਆਂ ਦਾ। ਨਸ਼ਾ ਤਾਂ ਆਖਰ ਨਸ਼ਾ ਹੈ, ਜਿਹੜਾ ਚੰਗਿਆਂ ਭਲਿਆਂ ਦੀ ਅਕਲ ਦਾ ਨਾਸ ਮਾਰ ਦੇਂਦਾ ਹੈ।

ਮੁੱਢ ਕਦੀਮ ਤੋਂ ਹੀ ਮਨੁੱਖ ਸਰੂਰ 'ਚ ਰਹਿਣ, ਗਮ ਚਿੰਤਾ ਗਲਤ ਕਰਨ, ਆਪਣੇ ਆਪ 'ਚ ਖੋਏ ਰਹਿਣ ਲਈ ਆਪਣੀ ਅਕਲ ਦਾ ਜਨਾਜਾ ਕੱਢਣ ਲਈ ਨਸ਼ਿਆਂ ਦੀ ਵਰਤੋਂ ਕਰਦਾ ਆਇਆ ਹੈ। ਨਸ਼ੇ 'ਚ ਮਦਹੋਸ਼ ਮਨੁੱਖ, ਮਨੁੱਖੀ ਕਦਰਾਂ ਕੀਮਤਾਂ ਨੂੰ ਭੁੱਲ ਇਹੋ ਜਿਹੇ ਕੰਮ ਕਰ ਬੈਠਦਾ ਹੈ, ਜਿਸ ਨਾਲ ਮਨੁੱਖਤਾ ਸ਼ਰਮਸਾਰ ਹੋ ਉਠੱਦੀ ਹੈ। ਸਧਾਰਨ ਲੜਾਈਆਂ ਤੋਂ ਲੈ ਕੇ ਕਤਲਾਂ ਤੱਕ, ਹੰਕਾਰੀ ਵਿਭਚਾਰੀ ਹੋਣ ਤੋਂ ਲੈ ਕੇ ਦੁਰਾਚਾਰੀ ਤੇ ਹੈਂਕੜਬਾਜ ਹੋਣ ਤੱਕ ਦਾ ਸਫਰ ਤਾਕਤ ਦੇ ਨਸ਼ੇ ਤੇ ਨਸ਼ੀਲੇ ਪਦਾਰਥਾਂ ਦੇ ਸੇਵਨ ਦਾ ਸਿੱਟਾ ਹੀ ਤਾਂ ਹੈ। ਨਸ਼ਿਆਂ ਦੀ ਵਰਤੋਂ ਜਿਥੇ ਉਸ 'ਚ ਹਰ ਕਿਸਮ ਦੀਆਂ ਬੁਰਾਈਆਂ ਪੈਦਾ ਕਰਨ 'ਚ ਕਾਮਯਾਬ ਹੋ ਜਾਂਦੀ ਹੈ, ਉਥੇ ਉਸਨੂੰ ਹੀਣਾ, ਝੂਠਾ, ਮਕਾਰ, ਕਰੋਧੀ, ਅੱਖੜ ਅਤੇ ਸਵਾਰਥੀ ਬਣਾ ਦਿੰਦੀ ਹੈ ਅਤੇ ਇਸ ਨਸ਼ਿਆਂ ਦੀ ਦੁਨੀਆਂ 'ਚ ਘੁੰਮਦਾ ਉਹ ਸਭ ਪਾਕ ਰਿਸ਼ਤੇ ਭੁੱਲ ਸਿਰਫ ਆਪਣਾ ਵੱਖਰਾ ਸੰਸਾਰ ਸਿਰਜ ਕਰ ਲੈਂਦਾ ਹੈ, ਜਿਥੋਂ ਕਈ ਵਾਰ ਚਾਹੁੰਦਾ ਹੋਇਆ ਵੀ ਵਾਪਸ ਨਹੀ ਪਰਤ ਪਾਉਂਦਾ। ਆਖਰ ਕਿਉਂ ਮਨੁੱਖ ਨੂੰ ਲੋੜ ਪੈਂਦੀ ਹੈ ਨਸ਼ਿਆਂ ਦੀ? ਆਖਰ ਕਿਉਂ ਉਹ ਨਸ਼ਿਆਂ 'ਚ ਖੁਭਕੇ ਮਨੁੱਖ ਤੋਂ ਜਾਨਵਰ ਬਨਣ ਨੂੰ ਤਰਜ਼ੀਹ ਦੇਣ ਲਗਦਾ ਹੈ?



**ਗੁਰਮੀਤ ਸਿੰਘ ਪਲਾਹੀ**

**98158-02070**



ਕੋਈ ਕਹਿੰਦਾ ਹੈ ਉਹ ਗਮ ਗਲਤ ਕਰਨ ਲਈ ਪੀਂਦਾ ਹੈ। ਕੋਈ ਕਹਿੰਦਾ ਹੈ ਨਸ਼ੇ ਦਾ ਸਰੂਰ ਹੀ ਐਸਾ ਹੈ ਕਿ ਇੱਕ ਵਾਰ ਪੀਤਿਆਂ ਵਾਰ-ਵਾਰ ਪੀਣ ਨੂੰ ਜੀਅ ਕਰਦਾ ਹੈ। ਕੋਈ ਕਹਿੰਦਾ ਹੈ ਨਸ਼ੇ ਤਾਂ ਖੁਸ਼ੀ ਦੇ ਮੌਕੇ 'ਤੇ ਸਵਰਗੀ ਸੁਗਾਤ ਹਨ ਤੇ ਮਦਰਾ ਦਾ ਸੇਵਨ ਤਾਂ ਦੇਵਤੇ ਵੀ ਕਰਦੇ ਰਹੇ ਹਨ। ਕੋਈ ਕਹਿੰਦਾ ਹੈ ਨਸ਼ੇ ਮਨੁੱਖੀ ਸਰੀਰ 'ਚ ਇਹੋ ਜਿਹੀ ਤਾਕਤ ਭਰ ਦੇਂਦੇ ਹਨ ਕਿ ਜਿਹੜਾ ਕੰਮ ਮਨੁੱਖ ਬਿਨਾਂ ਨਸ਼ਾ ਪੀਤਿਆਂ ਨਹੀਂ ਕਰ ਸਕਦਾ, ਉਹ ਨਸ਼ੇ ਪੀਕੇ ਕਰਨ ਦੀ ਹਿੰਮਤ ਜੁਟਾ ਲੈਂਦਾ ਹੈ। ਅਸਲ 'ਚ ਇਹ "ਬਚਨ", ਇਹ 'ਕਥਨ' ਮਨੁੱਖ ਦੀ ਬਾਮਾਰ ਮਾਨਸਿਕਤਾ ਦਾ ਨਤੀਜਾ ਹਨ।

ਪੰਜਾਬ 'ਚ ਹਰੀ ਕ੍ਰਾਂਤੀ ਦੀ ਖੁਸ਼ਹਾਲੀ ਨਾਲ ਛੇਵਾਂ ਦਰਿਆ ਦੁੱਧ ਦਾ ਵਗਣਾ ਚਾਹੀਦਾ ਸੀ, ਪਰ ਵਗ ਤੁਰਿਆ ਸ਼ਰਾਬ ਤੇ ਨਸ਼ਿਆਂ ਦਾ। ਇਸ ਨਸ਼ਿਆਂ ਦੇ ਦਰਿਆ 'ਚ ਪਹਿਲਾਂ ਸਰਾਬ, ਡੋਡੇ, ਅਫੀਮ ਦੀ ਬਰਸਾਤ ਹੋਈ ਤੇ ਹੁਣ ਸਮੈਕ, ਗਾਂਜਾ, ਭੁੱਕੀ ਅਤੇ ਪਤਾ ਨਹੀਂ ਹੋਰ ਕਿਹੜੇ ਕਿਹੜੇ ਨਸ਼ੇ ਹਨ, ਜਿਹੜੇ ਇਸ ਦਰਿਆ ਦਾ ਹਿੱਸਾ ਬਣ ਗਏ ਹਨ। ਸੁਣਿਆ ਨਸ਼ੇ ਦੇ ਟੀਕਿਆਂ, ਕੈਪਸੂਲਾਂ ਤੋਂ ਬਿਨ੍ਹਾਂ ਹੁਣ ਤਾਂ ਕਿਰਲੀਆਂ ਸਾੜਕੇ ਪੀਣਾ, ਕੋਰੈਕਿਸ ਵਰਗੀਆਂ ਖੰਘ ਦੀਆਂ ਦਵਾਈਆਂ ਦੀ ਵਰਤੋਂ ਨੌਜਵਾਨ ਮੁੰਡੇ ਕੁੜੀਆਂ 'ਚ ਆਮ ਹੋ ਗਈ ਹੈ। ਕਾਲਜ, ਸਕੂਲ ਦੀ ਕੈਨਟੀਨ ਹੋਵੇ ਜਾਂ ਕੁੜੀਆਂ ਦਾ ਹੋਸਟਲ, ਪਿੰਡ ਦਾ ਕਿਸੇ ਸਾਧ ਦਾ ਡੇਰਾ ਹੋਵੇ ਜਾਂ ਪਿੰਡ ਸ਼ਹਿਰ 'ਚ ਕੋਈ ਉਜੜੀ ਥਾਂ, ਦੁਕਾਨ ਨਾਈ ਦੀ ਹੋਵੇ ਜਾਂ ਚਾਹ ਦੀ, ਸ਼ਹਿਰ, ਪਿੰਡ ਦਾ ਕੋਈ ਮੈਡੀਕਲ ਸਟੋਰ ਹੋਵੇ ਜਾਂ ਕਿਸੇ ਅਨ-ਰਜਿਸਟਰਡ ਮੈਡੀਕਲ ਡਾਕਟਰ ਦੀ ਦੁਕਾਨ ਨਸ਼ੇ ਜਾਂ ਨਸ਼ੇ ਦੇ ਕੈਪਸੂਲ, ਪੁੜੀ ਮਿਲਣਾ ਇਤਨਾ ਆਸਾਨ ਹੋ ਗਿਆ ਹੈ ਕਿ ਸਿਆਣੇ ਮਾਪੇ ਹੁਣ ਆਪਣੇ ਬੱਚਿਆਂ ਨੂੰ ਸੰਭਾਲਣ ਲਈ ਚਿੰਤਾਵਾਨ ਹੋਏ ਦਿਸਦੇ ਹਨ। ਉਨ੍ਹਾਂ ਦੇ ਮਨ ਦਾ ਫਿਕਰ ਹੈ ਕਿ ਪਤਾ ਨਹੀ ਕਦੋਂ ਬੱਚੇ ਨਸ਼ਿਆਂ ਦੇ ਇਸ ਵਗਦੇ ਦਰਿਆ 'ਚ ਵਹਿ ਤੁਰਨ। ਕਿਉਂਕਿ ਨਸ਼ਿਆਂ ਦੇ ਸੌਦਾਗਰ ਹਰ ਗਲੀ, ਹਰ ਮੁਹੱਲੇ, ਹਰ ਰਾਹ, ਉਨ੍ਹਾਂ ਮਾਸੂਮ ਜੁਆਨੀਆਂ 'ਤੇ ਨਜ਼ਰ ਟਿਕਾਈ

ਬੈਠੇ ਹਨ ਜਿਨ੍ਹਾਂ ਨੂੰ ਇਹ ਫੁਸਲਾਕੇ, ਵਰਗਲਾਕੇ ਇਹ ਮੱਕੜ ਜਾਲ 'ਚ ਫਸਾਕੇ ਆਪਣਾ ਸ਼ਿਕਾਰ ਬਣਾ ਲੈਂਦੇ ਹਨ। ਇੱਕ ਵਾਰ ਇਸ ਮੱਕੜ ਜਾਲ 'ਚ ਫਸਿਆ ਬੱਚਾ ਪੂਰੇ ਘਰ ਦੀ ਬਰਬਾਦੀ ਦਾ ਕਾਰਨ ਤਾਂ ਬਣਦਾ ਹੀ ਹੈ, ਸਗੋਂ ਆਪਣੀ ਜ਼ਿੰਦਗੀ ਤੋਂ ਵੀ ਹੱਥ ਧੋ ਬੈਠਦਾ ਹੈ।

ਜਿਵੇਂ ਵਿਦੇਸ਼ੀਆਂ ਵਲੋਂ ਚੀਨ ਦੇ ਲੋਕਾਂ ਨੂੰ ਇੱਕ ਸਾਜਿਸ਼ ਅਧੀਨ ਅਫ਼ੀਮਚੀ ਬਣਾ ਦਿੱਤਾ ਗਿਆ ਸੀ ਤੇ ਚੀਨ ਅਫੀਮਚੀਆਂ ਦਾ ਦੇਸ਼ ਕਹਾਉਣ ਲੱਗ ਪਿਆ ਸੀ ਪਰ ਬਹੁਤ ਕੋਸ਼ਿਸ਼ਾਂ ਤੇ ਸਰਕਾਰੀ, ਸਮਾਜਿਕ ਸਖਤ ਯਤਨਾਂ, ਕਦਮਾਂ ਨਾਲ ਚੀਨ ਮਸਾਂ ਮੁੜ ਲੀਹੇ ਚੜ ਸਕਿਆ ਹੈ। ਇਵੇਂ ਹੀ ਪੰਜਾਬੀਆਂ ਦੀ ਤਾਕਤਵਰ ਕੌਮ, ਜਿਹੜੀ ਕਿ ਯੋਧੇ ਜੋਸ਼ੀਲੇ, ਅਣਖ ਵਾਲੇ ਲੋਕਾਂ ਦੀ ਕੌਮ ਹੈ, ਨੂੰ ਇੱਕ ਡੂੰਘੀ ਸਾਜਿਸ਼ ਅਧੀਨ ਨਸ਼ਿਆਂ ਦੇ ਇਸ ਵਹਿਣ 'ਚ ਫਸਾਉਣ ਦਾ ਕੋਝਾ ਯਤਨ ਹੋਇਆ ਹੈ। ਇਸ ਸਾਜਿਸ਼ ਦਾ ਸ਼ਿਕਾਰ ਅਸੀਂ ਸਾਰੇ ਪੰਜਾਬੀ ਹੋਏ ਨਜ਼ਰ ਆ ਰਹੇ ਹਾਂ। ਇਕ ਚੱਕਰ ਚਾਹੇ ਸ਼ਹਿਰੀ ਸਲੱਮ ਏਰੀਏ ਦਾ ਲਾ ਲਈਏ, ਜਾਂ ਕਿਸੇ ਸ਼ਹਿਰੋਂ ਦੂਰ ਦੀ ਕਮਜ਼ੋਰ ਗਰੀਬ ਆਬਾਦੀ ਦਾ, ਹੱਥਾਂ 'ਚ ਸਿਗਰਟਾਂ ਦੇ ਟੋਟੇ, ਖੈਣੀ, ਜ਼ਰਦਾ, ਗੁਟਕਾ, ਪੱਤਾ ਲਈ ਤੁਰੇ ਫਿਰਦੇ ਛੋਟੇ-ਛਟੇ ਬੱਚਿਆਂ ਤੋਂ ਬਿਨਾ ਨੌਜਵਾਨ ਆਮ ਨਜ਼ਰ ਆਉਣਗੇ, ਜਿਹੜੇ ਆਪਣੇ ਮਾਪਿਆਂ ਦੀ ਰੀਸੋ ਰੀਸ ਇਨ੍ਹਾਂ ਨਸ਼ਿਆਂ 'ਚ ਗਲਤਾਨ ਹੋ, ਨਾਸਮਝੀ 'ਚ ਇਸੇ ਨੂੰ ਜ਼ਿੰਦਗੀ ਦਾ ਆਨੰਦ ਸਮਝ ਬੈਠੇ ਹਨ। ਕਾਰਨ ਕੋਈ ਵੀ ਹੋਵੇ, ਨਸ਼ੇ ਬਨਾਉਣ, ਵੇਚਣ ਜਾਂ ਸਪਲਾਈ ਕਰਨ ਵਾਲੇ, ਜਾਂ ਆਪਣੇ ਬੱਚਿਆਂ, ਨੌਜਵਾਨਾਂ ਪ੍ਰਤੀ ਅਣਗਹਿਲੀ ਕਰਨ ਵਾਲੇ ਮਾਪੇ, ਪਰ ਇਸਦਾ ਜ਼ੁੰਮੇਵਾਰ ਤਾਂ ਸਾਡਾ ਸਮਾਜਿਕ ਢਾਂਚਾ ਤੇ ਸਵਾਰਥੀ ਲੋਕ ਹਨ, ਜਿਹੜੇ ਆਪਣੇ ਹਿੱਤਾਂ ਦੀ ਪੂਰਤੀ ਲਈ ਉਹ ਸਾਰਾ ਚਲਨ ਹੋਣ ਦੇ ਰਹੇ ਹਨ ਜਿਸਨੂੰ ਰੋਕਣ ਦੀ ਇਸ ਅਵਸਥਾ ਵਿੱਚ ਅਤਿਅੰਤ ਲੋੜ ਹੁੰਦੀ ਹੈ। ਕਿੰਨੀ ਸ਼ਰਮ ਦੀ ਗੱਲ ਹੈ ਕਿ ਨਸ਼ਿਆਂ ਦਾ ਕਾਰੋਬਾਰ ਆਰੰਭ ਹੋਇਆ, ਵਧਿਆ ਫੁਲਿਆ ਅਤੇ ਮੁੜ ਹਰ ਕਿਸਮ ਦੀਆਂ ਜਨਤਕ ਚੋਣਾਂ 'ਚ ਇਸ ਕਾਰੋਬਾਰ ਦਾ ਪੂਰਾ ਫਾਇਦਾ ਸਵਾਰਥੀ ਲੋਕਾਂ ਨੇ ਲਿਆ, ਜਿਹੜੇ ਆਪ ਧਨਵਾਨ ਵੀ ਬਣੇ, ਨਸ਼ੇ ਦੇ ਵਪਾਰੀ ਵੀ ਬਣੇ, ਉਚੇ ਆਹੁਦੇਦਾਰ ਵੀ ਬਣੇ ਤੇ ਮਖੋਟਾ ਪਾਕੇ ਦੇਸ਼ ਅਤੇ ਸਮਾਜ ਸੇਵਕ ਵੀ।



ਕਦੇ ਸਮਾਂ ਸੀ ਪੰਜਾਬੀ ਨਸ਼ਿਆਂ ਤੋਂ ਦੂਰ ਇੱਕ ਸੁਖਾਵੇਂ ਮਾਹੌਲ 'ਚ ਵਿਚਰਦੇ ਆਪਣੇ ਬੱਚਿਆਂ ਦੇ ਭਵਿੱਖ ਲਈ ਤਤਪਰ ਇੱਕ ਹਸਦੀ ਰਸਦੀ ਸੂਝਵਾਨ ਕੌਮ ਵਜੋਂ ਜਾਣੇ ਜਾਂਦੇ ਸਨ। ਅੱਜ ਪੰਜਾਬ ਨਸ਼ਿਆਂ ਦਾ ਪੰਜਾਬ ਬਣਦਾ ਜਾ ਰਿਹਾ ਹੈ। ਵਿਆਹ, ਸ਼ਾਦੀਆਂ, ਆਖੰਡਪਾਠਾਂ ਦੇ ਭੋਗ ਸਮੇਂ ਜਿਸ ਬੇਹਿਆਈ ਨਾਲ ਸ਼ਰਾਬ ਤੇ ਹੋਰ ਨਸ਼ਿਆਂ ਦਾ ਸੇਵਨ ਮੈਰਿਜ ਪੈਲਿਸ, ਜਨਤਕ ਥਾਵਾਂ ਉਤੇ ਹੋਣ ਲੱਗ ਪਿਆ ਹੈ, ਉਹ ਪੰਜਾਬੀ ਕੌਮ ਲਈ ਘਾਤਕ ਹੋਣ ਲੱਗਿਆ ਹੈ। ਸ਼ਰਾਬੀਆਂ ਦੀ ਗਿਣਤੀ ਵਧੀ ਹੈ, ਨਸ਼ਈਆਂ ਦੀ ਗਿਣਤੀ ਵਧੀ ਹੈ। ਨਜ਼ਾਇਜ਼ ਸ਼ਰਾਬ ਕੱਢੇ ਜਾਣ, ਵੇਚਣ ਤੇ ਗਲਤ ਡਿਗਰੀ ਸਪਿਰਟ ਦੀ ਬਣੀ ਸ਼ਰਾਬ ਨੇ ਸੈਂਕੜੇ ਨਹੀਂ ਹਜ਼ਾਰਾਂ ਜਾਨਾਂ ਪਿਛਲੇ ਦਹਾਕੇ 'ਚ ਲੈ ਲਈਆ ਹਨ। ਘਰਾਂ ਦੇ ਘਰ ਨਸ਼ਿਆਂ ਨੇ ਤਬਾਹ ਕਰ ਦਿੱਤੇ ਹਨ। ਹਰ ਸ਼ਾਮ ਬਹੁਤੇ ਘਰੀਂ ਮਰਿਆਂ ਦੇ ਘਰਾਂ 'ਚ ਛਾਈ ਚੁੱਪ ਵਰਗਾ ਸਨਾਟਾ, ਘਰ ਦੀਆਂ ਚੀਕਦੀਆਂ ਬਰੂਹਾਂ 'ਚੋਂ ਉਠਦੀਆਂ ਸਿਸਕੀਆਂ, ਜਦੋਂ ਸੁਨਣ ਨੂੰ ਮਿਲਦੀਆਂ ਹਨ ਤਾਂ ਇਵੇਂ ਲਗਦਾ ਹੈ ਕਿ ਪੰਜਾਬ ਵੈਣ ਪਾ ਰਿਹਾ ਹੈ। ਇਹ ਵੈਣ ਮਰਿਆਂ ਮੁਕਿਆਂ ਦੇ ਵੈਣਾਂ ਨਾਲੋਂ ਵੀ ਦੁੱਖ ਦਰਦ ਭਰੇ ਅਤੇ ਰੂਹ ਕੰਬਾਉਣ ਵਾਲੇ ਹੁੰਦੇ ਹਨ। ਇਨ੍ਹਾਂ ਵੈਣਾਂ ਦੇ ਸੌਦਾਗਰ ਮੋਟਰ ਸਾਈਕਲਾਂ ਨਾਲ ਲੈਸ ਫੁਰਨ ਫੁਰਨ ਘੁੰਮਦੇ ਜਿਧਰ ਵੀ ਜਾਂਦੇ ਹਨ ਇਵੇਂ ਜਾਪਦਾ ਹੈ ਜਿਵੇਂ ਮੌਤ ਦਾ ਛੱਟਾ ਦੇ ਰਹੇ ਹੋਣ। ਮੌਤ ਦੇ ਇਸ ਛੱਟੇ ਦਾ ਸ਼ਿਕਾਰ ਜਿਥੇ ਘਰ ਦੇ ਨਿੱਕੇ ਬਾਲ ਹੁੰਦੇ ਹਨ, ਉਥੇ ਨਸ਼ੱਈਆਂ ਦੀਆਂ ਤ੍ਰੀਮਤਾਂ ਅਣਕਿਹਾ ਦੁੱਖ ਭੋਗਦੀਆਂ ਹਨ ਅਤੇ ਕਈ ਵਾਰ ਤਲਾਕ ਲੈਣ 'ਤੇ ਮਜ਼ਬੂਰ ਹੁੰਦੀਆਂ ਹਨ। ਇੰਝ ਹਸਦਾ ਵਸਦਾ ਘਰ ਨਸ਼ਿਆਂ ਦੀ ਭੇਟ ਚੜ ਜਾਂਦਾ ਹੈ। ਜ਼ਮੀਨ, ਜਾਇਦਾਦ, ਘਰ, ਟੱਬਰ ਟੀਹਰ, ਮਾਪੇ ਜਾਣੀ ਸਭ ਕੁਛ ਜਿਵੇਂ ਹੱਥੋਂ ਨਿਕਲਦਾ ਜਾਪਦਾ ਹੈ। ਇੰਜ ਨਸ਼ਿਆਂ 'ਚ ਫਸਿਆ ਮਨੁੱਖ ਖੂਨ ਦੇ ਹੰਝੂ ਵਹਾਉਣ ਤੋਂ ਬਿਨਾਂ ਕੁਝ ਵੀ ਕਰ ਨਹੀ ਸਕਦਾ। ਅਤੇ ਸੁਖ ਵਸਦੀ ਜ਼ਿੰਦਗੀ ਦੇ ਆਖਰੀ ਦਿਨ ਉਹ ਨਰਕ ਵਾਂਗਰ ਭੋਗਦਾ ਹੈ। ਜਿਵੇਂ ਹੋਰ ਬੀਮਾਰੀਆਂ ਤੋਂ ਬਿਨਾਂ ਪੰਜਾਬ ਖਾਸ ਤੋਰ ਤੇ ਕੈਂਸਰ ਦੀ ਜਾਨਲੇਵਾ ਬੀਮਾਰੀ ਦਾ ਸ਼ਿਕਾਰ ਹੋ ਗਿਆ ਹੈ, ਤੇ ਨਿੱਤ ਲੋਕ ਇਸ ਬੀਮਾਰੀ ਨਾਲ ਮਰ ਰਹੇ ਹਨ, ਉਵੇਂ ਹੀ ਨਸ਼ਿਆਂ ਦੀ ਲਪੇਟ 'ਚ ਆਕੇ ਪੰਜਾਬੀ ਵਿਹਲੜ, ਲੁਟੇਰੇ ਕਮਜੋਰ, ਬੇਬਸ, ਅਵਾਰਾ ਬਣੇ ਦਿਸਣ ਲੱਗ ਪਏ ਹਨ। ਕੀ ਅਸੀਂ ਬਹਾਦਰ ਅਣਖੀ ਪੰਜਾਬੀ ਤੜਕ ਮੜਕ ਵਾਲੀ ਕੌਮ ਨੂੰ ਦਫਨਾਉਣ ਤਾਂ ਨਹੀ ਜਾ ਰਹੇ?

ਪੰਜਾਬ ਸਰਕਾਰ ਵਲੋਂ ਨਸ਼ਈਆਂ ਦੇ ਇਲਾਜ ਲਈ ਨਸ਼ਾ ਛੁਡਾਊ ਕੇਂਦਰ ਖੋਲ੍ਹੇ ਗਏ ਹਨ ਜਾਂ ਹੋਰ ਖੋਲ੍ਹੇ ਜਾ ਰਹੇ ਹਨ, ਉਥੇ ਮੁਫਤ ਇਲਾਜ ਸੁਵਿਧਾਵਾਂ ਦੇਣ ਦੀ ਗੱਲ ਕੀਤੀ ਜਾ ਰਹੀ ਹੈ। ਬਿਨਾਂ ਸ਼ੱਕ ਨਸ਼ੇ ਇੱਕ ਬੀਮਾਰੀ ਹੈ, ਇਸਦਾ ਇਲਾਜ ਵੀ ਜਰੂਰੀ ਹੈ, ਪਰ ਕੀ ਬੁਰਾਈ ਨੂੰ ਸ਼ੁਰੂ ਹੋਣ ਤੋਂ ਹੀ ਰੋਕਣ ਦੀ ਜ਼ਰੂਰਤ ਨਹੀਂ ਹੁੰਦੀ?

ਸਰਕਾਰ ਨਸ਼ਿਆਂ ਦੀ ਸਪਲਾਈ ਰੋਕਣ, ਨਸ਼ਿਆਂ ਦੇ ਸਮਗਲਰਾਂ ਨੂੰ ਨੱਥ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ? ਸਰਕਾਰ ਦਾ ਤੰਤਰ ਇਨ੍ਹਾਂ ਕਾਲੀਆਂ ਭੇਡਾਂ ਨੂੰ ਲੋਕਾਂ ਸਾਹਮਣੇ ਲਿਆ ਰਿਹਾ ਹੈ ਜਿਹੜਾ ਕਿ ਭੋਲੇ ਭਾਲੇ ਲੋਕਾਂ ਦੇ ਨੌਜਵਾਨ ਪੁਤਰ ਪੁਤਰੀਆਂ ਦੀ ਤਬਾਹੀ ਦਾ ਕਾਰਨ ਬਣਿਆ ਹੋਇਆ ਹੈ।

ਸਰਕਾਰ ਵੱਲੋਂ ਇਸ ਅਹਿਮ ਮਸਲੇ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਅਤੇ ਚੋਰ ਨੂੰ ਨਹੀਂ ਸਗੋਂ ਚੋਰ ਦੀ ਮਾਂ ਨੂੰ ਫੜਨ ਦਾ ਯਤਨ ਹੋ ਰਿਹਾ ਹੈ। ਭਾਵੇਂ ਨਸ਼ੇੜੀਆਂ ਨੂੰ ਨਕੇਲ ਪਾਉਣ ਨਾਲ ਕੁਝ ਕਾਮਯਾਬੀ ਤਾਂ ਮਿਲ ਸਕਦੀ ਹੈ, ਪਰ ਅਸਲ 'ਚ ਨਸ਼ੇੜੀ ਬਨਾਉਣ ਵਾਲੇ ਅਨਸਰ ਨਸ਼ੇ ਦੇ ਵਿਉਪਾਰੀਆਂ ਨੂੰ ਕਾਬੂ ਪਾਕੇ ਹੀ ਸਾਰਥਕ ਸਿੱਟੇ ਕੱਢੇ ਜਾ ਸਕਦੇ ਹਨ।

## ਸਿਹਤ ਸੰਭਾਲ

# ਨਿਯਮਿਤ ਕਸਰਤ ਨਾਲ ਕਾਬੂ ਵਿਚ ਰਹਿੰਦਾ ਹੈ ਗਠੀਆ

ਸਰਦੀ ਵਿਚ ਜੋੜਾਂ ਦਾ ਦਰਦ ਵਧ ਜਾਣਾ ਆਮ ਗੱਲ ਹੈ। ਇਸ ਨੂੰ ਗਊਟ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਇਕ ਸਮਾਂ ਸੀ ਜਦੋਂ ਇਸ ਨੂੰ ਸ਼ਹਿਨਸ਼ਾਹਾਂ ਦਾ ਰੋਗ ਮੰਨਿਆ ਜਾਂਦਾ ਸੀ ਪਰ ਅੱਜ ਦੇ ਸਮੇਂ ਵਿਚ ਇਹ ਕਿਸੇ ਨੂੰ ਵੀ ਹੋ ਸਕਦਾ ਹੈ। ਪ੍ਰੀਖਣਾਂ ਦੇ ਆਧਾਰ ‘ਤੇ ਇਹ ਪਤਾ ਲੱਗਾ ਹੈ ਕਿ ਸਰੀਰ ਵਿਚ ਯੂਰਿਕ ਐਸਿਡ ਦੀ ਮਾਤਰਾ ਵਧ ਜਾਣ ਨਾਲ ਗਠੀਏ ਦਾ ਪ੍ਰਕੋਪ ਹੁੰਦਾ ਹੈ।

ਜੋੜਾਂ ਵਿਚ ਸੋਜ ਦਾ ਹੋਣਾ ਇਸ ਦਾ ਮੁੱਖ ਲੱਛਣ ਹੈ। ਪੈਰ ਦਾ ਅੰਗੂਠਾ ਜਾਂ ਹੱਥ-ਪੈਰ ਦੇ ਦੂਜੇ ਜੋੜ ਸੁੱਜ ਕੇ ਲਾਲ ਹੋ ਜਾਂਦੇ ਹਨ। ਕਦੇ-ਕਦੇ ਇਸ ਦਾ ਰੰਗ ਨੀਲਾ ਵੀ ਹੋ ਜਾਂਦਾ ਹੈ ਅਤੇ ਦਰਦ ਵਧ ਜਾਂਦਾ ਹੈ। ਰੋਗ ਪ੍ਰਤੀ ਲਾਪ੍ਰਵਾਹੀ ਵਰਤਣ ਨਾਲ ਇਹ ਵੀ ਹੋ ਸਕਦਾ ਹੈ ਕਿ ਯੂਰਿਕ ਐਸਿਡ ਜੋੜਾਂ ਨੂੰ ਜ਼ਿਆਦਾ ਨੁਕਸਾਨ ਪਹੁੰਚਾ ਦੇਵੇ। ਇਹ ਗੁਰਦਿਆਂ ਵਿਚ ਪੱਥਰੀ ਪੈਦਾ ਕਰ ਸਕਦਾ ਹੈ, ਚਮੜੀ ਦੇ ਹੇਠਾਂ, ਖਾਸ ਕਰਕੇ ਕੰਨ ਦੀ ਚਮੜੀ ਵਿਚ ਗੰਢਾਂ ਬਣ ਸਕਦੀਆਂ ਹਨ ਜਾਂ ਸਰੀਰ ਦੇ ਕਿਸੇ ਹੋਰ ਅੰਗ ਵਿਚ ਜੰਮ ਕੇ ਨੁਕਸਾਨ ਪਹੁੰਚਾ ਸਕਦਾ ਹੈ।

ਜਦੋਂ ਪਹਿਲੀ ਵਾਰ ਗਠੀਆ ਹੁੰਦਾ ਹੈ ਤਾਂ ਲਗਭਗ 20 ਫੀਸਦੀ ਰੋਗੀਆਂ ਵਿਚ ਤਕਲੀਫ ਪੈਰ ਦੇ ਅੰਗੂਠੇ ਤੋਂ ਸ਼ੁਰੂ ਹੁੰਦੀ ਹੈ। ਕੁਝ ਵਿਅਕਤੀਆਂ ਵਿਚ ਇਸ ਦੀ ਸ਼ੁਰੂਆਤ ਗੋਡਿਆਂ, ਗਿੱਟਿਆਂ, ਪੈਰਾਂ ਜਾਂ ਹੱਥਾਂ ਦੀਆਂ ਉਂਗਲਾਂ ਤੋਂ ਵੀ ਹੁੰਦੀ ਹੈ। ਜੋੜਾਂ ਵਿਚ ਅਚਾਨਕ ਦਰਦ ਉਠਦਾ ਹੈ ਅਤੇ ਸੋਜ ਵੀ ਹੋ ਜਾਂਦੀ ਹੈ। ਜੋੜ ਦੇ ਉੱਪਰ ਚਮੜੀ ਲਾਲ ਹੋ ਜਾਂਦੀ ਹੈ। ਕਈ ਵਾਰ ਇਸ ਪ੍ਰਕੋਪ ਕਾਰਨ ਬੁਖ਼ਾਰ ਵੀ ਹੋ ਜਾਂਦਾ ਹੈ। ਦਵਾਈ ਲੈਣ ‘ਤੇ ਇਹ ਦੋ-ਤਿੰਨ ਦਿਨ ਬਾਅਦ ਹੀ ਕਾਬੂ ਆਉਂਦਾ ਹੈ।

ਅਜਿਹਾ ਵੀ ਹੋ ਸਕਦਾ ਹੈ ਕਿ ਹੋਰ ਕਾਰਨਾਂ ਨਾਲ ਵੀ ਸਰੀਰ ਵਿਚ ਕਦੇ-ਕਦੇ ਯੂਰਿਕ ਐਸਿਡ ਦੀ ਮਾਤਰਾ ਵਧ ਜਾਂਦੀ ਹੈ। ਇਹੀ ਵਧਿਆ ਹੋਇਆ ਯੂਰਿਕ ਐਸਿਡ ਗਠੀਏ ਨੂੰ ਪੈਦਾ ਕਰਦਾ ਹੈ। ਯੂਰਿਕ ਐਸਿਡ ਵਿਚ ਵਾਧਾ ਹੁੰਦੇ ਹੀ, ਇਸ ਦੇ ਕ੍ਰਿਸਟਲ ਜੋੜਾਂ ਵਿਚ ਜੰਮਣ ਲਗਦੇ ਹਨ ਅਤੇ ਸੋਜ ਅਤੇ ਦਰਦ ਹੋਣੀ ਸ਼ੁਰੂ ਹੋ ਜਾਂਦੀ ਹੈ। ਗਠੀਏ ਨੂੰ ਪੀੜ੍ਹੀ-ਦਰ-ਪੀੜ੍ਹੀ ਰੋਗ ਮੰਨਿਆ ਜਾਂਦਾ ਹੈ। ਇਸ ਨੂੰ ਪੈਦਾ ਕਰਨ ਦੇ ਦੋ ਪ੍ਰਕਾਰ ਦੇ ਵਿਕਾਰ ਮਾਂ ਵੱਲੋਂ ਸੰਤਾਨ ਨੂੰ ਮਿਲਦੇ ਹਨ ਪਰ ਕੁਝ ਦੂਜੇ ਵਿਕਾਰ ਮਾਂ ਜਾਂ ਪਿਤਾ ਕਿਸੇ ਤੋਂ ਵੀ ਮਿਲ ਸਕਦੇ ਹਨ।

ਰਹਿਣ-ਸਹਿਣ ਦਾ ਪ੍ਰਭਾਵ ਵੀ ਇਸ ਰੋਗ ’ਤੇ ਪੈਂਦਾ ਹੈ। ਮੋਟਾਪਾ ਵੀ ਗਠੀਏ ਦਾ ਪੱਕਾ ਸਾਥੀ ਹੈ। ਜਿਨ੍ਹਾਂ ਲੋਕਾਂ ਦਾ ਭਾਰ ਅਚਾਨਕ ਵਧਦਾ ਹੈ, ਉਨ੍ਹਾਂ ਨੂੰ ਇਹ ਰੋਗ ਵਧੇਰੇ ਹੁੰਦਾ ਹੈ। ਮਾਸਾਹਾਰ, ਸ਼ਰਾਬ ਦਾ ਸੇਵਨ ਕਰਨ ਨਾਲ ਅਤੇ ਜਲਵਾਯੂ ਦਾ ਪ੍ਰਭਾਵ ਵੀ ਇਸ ਰੋਗ ’ਤੇ ਪੈਂਦਾ ਹੈ।

ਅਜਿਹਾ ਦੇਖਿਆ ਗਿਆ ਹੈ ਕਿ 80 ਤੋਂ 90 ਫੀਸਦੀ ਗਠੀਏ ਦੇ ਰੋਗ ਪੁਰਸ਼ ਹੁੰਦੇ ਹਨ। 40 ਸਾਲ ਦੀ ਉਮਰ ਤੋਂ ਬਾਅਦ ਇਹ ਲੋਕਾਂ ਵਿਚ ਵਧੇਰੇ ਹੁੰਦਾ ਹੈ। ਕੁਝ ਔਰਤਾਂ ਵੀ ਇਸ ਦਾ ਕਸ਼ਟ ਭੁਗਤਦੀਆਂ ਹਨ।

ਖਾਣ-ਪੀਣ ਵਿਚ ਯੂਰਿਕ ਐਸਿਡ ਦੀ ਮਾਤਰਾ ਘੱਟ ਕਰਨ ਲਈ ਨਿਯਮਿਤ ਕਸਰਤ ਕਰਕੇ ਗਠੀਏ ਦੀ ਤਕਲੀਫ ਤੋਂ ਬਚਿਆ ਜਾ ਸਕਦਾ ਹੈ। ਗਠੀਏ ਦਾ ਸਹੀ ਇਲਾਜ ਨਾ ਹੋਣ ‘ਤੇ ਗੁਰਦਿਆਂ ਵਿਚ ਪੱਥਰੀ ਬਣ ਸਕਦੀ ਹੈ। ਨਿਯਮਿਤ ਕਸਰਤ ਕਰਨ, ਪੈਦਲ ਚੱਲਣ, ਸ਼ਰਾਬ-ਮਾਸ ਦਾ ਤਿਆਗ ਕਰਨ ਨਾਲ ਗਠੀਏ ਵਰਗੀ ਕਸ਼ਟਦਾਇਕ ਬਿਮਾਰੀ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਸਰੀਰ ਵਿਚ ਯੂਰਿਕ ਐਸਿਡ ਦੀ ਮਾਤਰਾ ਵਧ ਜਾਣ ਨਾਲ ਇਸ ਰੋਗ ਦਾ ਪ੍ਰਕੋਪ ਹੁੰਦਾ ਹੈ, ਇਸ ਲਈ ਇਸ ਗੱਲ ਦੀ ਜਾਣਕਾਰੀ ਜ਼ਰੂਰੀ ਹੈ ਕਿ ਯੂਰਿਕ ਐਸਿਡ ਦੀ ਮਾਤਰਾ ਕਿਉਂ ਵਧਦੀ ਹੈ? ਸਰੀਰ ਵਿਚ ਯੂਰਿਕ ਐਸਿਡ ਪਿਊਰਿਨ ਯੁਕਤ ਖਾਣ-ਪਾਣ ਦੀਆਂ ਵਸਤਾਂ ਨਾਲ ਅਤੇ ਕੋਸ਼ਿਕਾਵਾਂ ਦੇ ਟੁੱਟਦੇ ਰਹਿਣ ਨਾਲ ਬਣਦਾ ਹੈ। ਤੰਦਰੁਸਤ ਸਰੀਰ ਵਾਧੂ ਯੂਰਿਕ ਐਸਿਡ ਨੂੰ ਮੂਤਰ ਰਾਹੀਂ ਬਾਹਰ ਕੱਢ ਦਿੰਦਾ ਹੈ ਪਰ ਗਠੀਆ ਹੋਣ ’ਤੇ ਇਹ ਸੰਤੁਲਨ ਵਿਗੜ ਜਾਂਦਾ ਹੈ ਜਾਂ ਗੁਰਦੇ ਯੂਰਿਕ ਐਸਿਡ ਨੂੰ ਬਾਹਰ ਨਹੀਂ ਕੱਢ ਪਾਉਂਦੇ।



# ਕਾਵਿ-ਕਿਆਰੀ

## ਕਵਿਤਾ / ਸਨੋਅ-ਫਾਲ ਤੇ ਚਿੜੀਆਂ

ਸੁਰਿੰਦਰ ਮਕਸੂਦਪੁਰੀ



ਸਰਦੀ ਵਿਚ ਸੜਦੇ ਜੰਗਲ ਦੀ ਜੂਹੇ
ਉਸ ਠੰਢੇ ਮੁਲਕ ਦੇ ਸੰਦਲੀ ਬੂਹੇ
ਓੜ੍ਹ ਸਨੋਅ-ਫਾਲ ਦੀ ਚਾਦਰ ਚਿੱਟੀ
ਕੁਦਰਤ ਰਾਣੀ ਦਸਤਕ ਦਿੱਤੀ
ਅੰਬਰੋਂ ਡਿੱਗੇ ਜਿਉਂ ਰੂੰ ਦੇ ਗੋਹੜੇ
ਮਨੁੱਖ ਮਾਤਰ ਸਭ ਅੰਦਰੀਂ ਹੋੜੇ

ਬਰਫ਼ਬਾਰੀ ਦੀ ਠਰਦੀ ਰੁੱਤੇ
ਬਰਫ਼ ਦੀ ਜੰਮੀ ਚਾਦਰ ਉੱਤੇ
ਅਠਖੇਲੀਆਂ ਕਰਦੀਆਂ ਚਿੜੀਆਂ ਚਹਿਕਣ
ਤੇਜ਼ ਬਰਫ਼ੀਲੀ ਬਾਰਿਸ਼ ਵਿਚ ਇਹ
ਚਿੱਟੀਆਂ ਕਲੀਆਂ ਬਣ ਕੇ ਮਹਿਕਣ
ਮੇਰੇ ਵਤਨ ਤੋਂ ਰੁੱਸ ਕੇ ਆਈਆਂ
ਮੈਨੂੰ ਕੰਜਕਾਂ/ਕੂੰਜਾਂ/ਚਿੜੀਆਂ ਜਾਪਣ

ਖੌਰੇ ਪ੍ਰਦੂਸ਼ਣ ਦੇ ਪ੍ਰਕੋਪ ਤੋਂ ਡਰਦੀਆਂ
ਵਿਹੁਲਾ ਪਾਣੀ ਪੀ-ਪੀ ਮਰਦੀਆਂ
ਚਿੜੀਆਂ ਨੇ ਪਰਵਾਸ ਧਾਰਿਆ
ਲੱਗ ਪਈ ਵਾੜ ਖੇਤ ਨੂੰ ਖਾਵਣ
ਮਾਲੀ ਨੇ ਹੀ ਚਮਨ ਉਜਾੜਿਆ


ਪ੍ਰਦੂਸ਼ਿਤ ਪੌਣਾਂ ਸਾਹ ਸੂਤਿਆ
ਤੜਪਣ ਚਿੜੀਆਂ ਹਉਕੇ ਭਰਦੀਆਂ
ਜੀਵ-ਜੰਤੂ ਸਭ ਰਹਿਣ ਸਲਾਮਤ
ਇਹ ਮੌਸਮ ਖ਼ੁਸ਼ਗਵਾਰ ਮੰਗਦੀਆਂ
ਰੱਬ ਦੇ ਬੰਦਿਆਂ ਕੋਲੋਂ 'ਮਕਸੂਦਪੁਰੀ'
ਇਹ ਹੱਕ-ਹਕੂਕ ਇਨਸਾਫ਼ ਮੰਗਦੀਆਂ!

-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021,
ਮੋ. 99887-10234

* * * * *

## ਕਵਿਤਾ/ ਸਦਾ ਆਪਣੇ ਨਗਰ ਵਿਚ

ਰਤਨ ਟਾਹਲਵੀ



ਸਦਾ ਆਪਣੇ ਨਗਰ ਵਿਚ ਝੂਠ ਸੱਚ ਦਾ ਸ਼ੋਰ ਤਕਦਾ ਹਾਂ।
ਇਵੇਂ ਮਜਬੂਰੀਆਂ ਵਸ ਪੈ, ਨਗਰ ਦੀ ਧੂੜ ਫਕਦਾ ਹਾਂ।

ਨਗਰ ਦਾ ਹਰ ਪਰਿੰਦਾ ਜੀਵ ਗ਼ਲਤੀ ਕਰ ਗਿਐ ਜਿਸ ਥਾਂ,
ਨਾ ਚਾਹ ਕੇ ਵੀ ਮੇਰੇ ਯਾਰੋ ਉਧਰ ਨੂੰ ਸੋਚ ਹਕਦਾ ਹਾਂ।

ਫਲਾਣਾ ਕਰ ਗਿਐ ਜਿਗਰਾ ਕਿ ਦਲ ਵਿਚ ਰਲ ਗਿਐ ਦੂਜੇ,
ਮੈਂ ਅਖ਼ਬਾਰਾਂ 'ਚ ਐਸੇ ਬੋਲ ਪੜ੍ਹ ਪੜ੍ਹ ਰੋਜ਼ ਥੱਕਦਾ ਹਾਂ।

ਜੇ ਇਹ ਨੇਤਾ ਸਦਾ ਹੀ ਸੱਚ ਥੱਲੇ ਐਬ ਰੱਖ ਬੋਲੇ,
ਇਦ੍ਹੇ ਕਿਰਦਾਰ ਬਾਰੇ ਮੈਂ ਭਲਾ ਕੀ ਬੋਲ ਸਕਦਾ ਹਾਂ।

ਰਤਨ ਤੈਨੂੰ ਦਵਿੰਦਰ ਸੰਗ ਬਦਲ ਦੇਣੈ ਸਮੇਂ ਇਕ ਦਿਨ,
ਮਗਰ ਉਹ ਝੂਠ ਕਹਿੰਦਾ ਹੈ ਬਦਲਣੋਂ ਰੋਕ ਸਕਦਾ ਹਾਂ।

* * * * *

## ਮਾਂ ਦਾ ਚੇਤਾ

ਮਾਂ ਮੈਨੂੰ ਤੇਰਾ ਚੇਤਾ ਉਸ ਵੇਲੇ ਫਿਰ ਆਵੇਗਾ,
ਗਿੱਲੀ ਥਾਂ ਤੋਂ ਚੁੱਕ ਕੇ ਜਦ ਕੋਈ ਸੁੱਕੀ ਤੇ ਨਾਂ ਪਾਵੇਗਾ,
ਮਾਂ ਮੈਨੂੰ ਤੇਰਾ ਚੇਤਾ ਉਸ ਵੇਲੇ ਫਿਰ ਆਵੇਗਾ।

ਸੋਹਣੇ ਕੱਪੜੇ ਪਾ ਜਦ ਤਿਆਰ ਮੈਂ ਹੋਵਾਂਗਾ,
ਨਜ਼ਰ ਨਾ ਲੱਗ ਜਾਏ ਤੇਰੇ ਬਾਜੋ ਕਾਲਾ ਟਿੱਕਾ ਨਾ ਜਦ ਕੋਈ ਲਾਵੇਗਾ,
ਮਾਂ ਮੈਨੂੰ ਤੇਰਾ ਚੇਤਾ ਉਸ ਵੇਲੇ ਫਿਰ ਆਵੇਗਾ।

ਚੜ੍ਹੇਗਾ ਜਦ ਬੁਖਾਰ ਤੇ ਤਪੇਗਾ ਤਨ ਮੇਰਾ,
ਠੰਡੀ ਪੱਟੀ ਸਿਰ ਤੇ ਧਰ ਜਦ ਤਾਪ ਨਾ ਕੋਈ ਘਟਾਵੇਗਾ,
ਮਾਂ ਮੈਨੂੰ ਤੇਰਾ ਚੇਤਾ ਉਸ ਵੇਲੇ ਫਿਰ ਆਵੇਗਾ।

**ਘੱਟ ਖਾਧੇ ਦਾ, ਘੱਟ ਸੁੱਤੇ ਦਾ, ਘੱਟ ਬੋਲੇ ਦਾ, ਘੱਟ ਖਰਚੇ ਦਾ, ਕਦੇ ਪਛਤਾਵਾ ਨਹੀਂ ਹੁੰਦਾ।**

ਝਿੜਕਾਂ ਸੁਣ ਕੇ ਬਾਪੂ ਦੀਆਂ ਜਦ ਕਦੇ ਰੁਸ ਜਾਵਾਂਗਾ,
ਤੇਰੇ ਬਾਜੋ ਤਰਲੇ ਕਰਕੇ ਜਦ ਨਾ ਰੁੱਸੇ ਨੂੰ ਕੋਈ ਮਨਾਵੇਗਾ,
ਮਾਂ ਮੈਨੂੰ ਤੇਰਾ ਚੇਤਾ ਉਸ ਵੇਲੇ ਫਿਰ ਆਵੇਗਾ।

ਸੁਪਨਾ ਦੇਖ ਡਰਾਉਣਾ ਜਦ ਮੈਂ ਰੋਵਾਂਗਾ ਉੱਠ ਰਾਤਾਂ ਨੂੰ,
ਤੇਰੇ ਬਾਜੋਂ ਸੀਨੇ ਲਾ ਕੇ ਜਦ ਚੁੱਪ ਨਾ ਕੋਈ ਕਰਾਵੇਗਾ,
ਮਾਂ ਮੈਨੂੰ ਤੇਰਾ ਚੇਤਾ ਉਸ ਵੇਲੇ ਫਿਰ ਆਵੇਗਾ।

ਜਦ ਕਦੀ ਮੈਨੂੰ ਪੈਸੇ ਦੀ ਥੁੜ ਆਵੇਗੀ,
ਸਾਹਾਂ ਕੋਲੋਂ ਬਿਨ ਤੇਰੇ ਜਦ ਮੰਗ ਨਾ ਕੋਈ ਲਿਆਵੇਗਾ,
ਮਾਂ ਮੈਨੂੰ ਤੇਰਾ ਚੇਤਾ ਉਸ ਵੇਲੇ ਫਿਰ ਆਵੇਗਾ।

ਕੰਮੀ ਕਾਜੀ ਰੁੱਝ ਘਰ ਕਦੀ ਲੇਟ ਜਦੋਂ ਹੋ ਜਾਵਾਂਗਾ,
ਮੇਰੇ ਆਉਣ ਤੱਕ ਭੁੱਖਾ ਰਹਿ ਕੇ ਜਦ ਬੂਹੇ ਨਜ਼ਰ ਨਾ ਕੋਈ ਟਿਕਾਵੇਗਾ,
ਮਾਂ ਮੈਨੂੰ ਤੇਰਾ ਚੇਤਾ ਉਸ ਵੇਲੇ ਫਿਰ ਆਵੇਗਾ।

ਸੁੱਖਣਾ ਪੂਰੀ ਹੋਣ ਤੇ ਪੁੱਤ ਦੀ,
ਗੁਰੂ ਘਰ ਜਾ ਕੇ ਤੇਰੇ ਬਾਝੋਂ ਜਦ ਅਰਦਾਸ ਨਾ ਕੋਈ ਕਰਾਵੇਗਾ,
ਮਾਂ ਮੈਨੂੰ ਤੇਰਾ ਚੇਤਾ ਉਸ ਵੇਲੇ ਫਿਰ ਆਵੇਗਾ।

ਯਾਦਾਂ ਰਹਿ ਜਾਣੀਆਂ ਬਣ ਕੇ ਬੀਤੇ ਪਲ ਸਾਰੇ,
ਸੁੱਖ-ਸੁੱਖ ਕਹਿ ਕੇ ਮੈਨੂੰ ਜਦ ਆਵਾਜ਼ ਨਾ ਕੋਈ ਲਗਾਵੇਗਾ,
ਮਾਂ ਮੈਨੂੰ ਤੇਰਾ ਚੇਤਾ ਉਸ ਵੇਲੇ ਫਿਰ ਆਵੇਗਾ,
ਮਾਂ ਮੈਨੂੰ ਤੇਰਾ ਚੇਤਾ ਉਸ ਵੇਲੇ ਫਿਰ ਆਵੇਗਾ।



**ਸੁਖਵਿੰਦਰ ਸਿੰਘ 'ਜਲਾਲਪੁਰੀ'**
**ਇੰਸਪੈਕਟਰ ਸੀ.ਬੀ.ਆਈ.,**
**ਪਿੰਡ ਜਲਾਲਪੁਰ, ਹੁਸ਼ਿਆਰਪੁਰ**
**+919906381482**

**ਮਿਲਦਾ ਬਹੁਤ ਕੁਝ ਹੈ ਜ਼ਿੰਦਗੀ ਵਿਚ, ਬਸ ਅਸੀਂ ਗਿਣਤੀ ਉਹਨਾਂ ਦੀ ਹੀ ਕਰਦੇ ਹਾਂ ਜੋ ਹਾਸਲ ਨਹੀਂ ਹੋ ਸਕਿਆ।**

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਉਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**
**98141-28181**

# मेरे सपनों की उड़ान

**रुपिन्द्र कौर**

हमें हमारी ज़िंदगी से बहुत कुछ सींखने को मिलता है। मगर हमें उन बातों को सींखने के साथ-साथ अपनाने की भी ज़रूरत है। मैं यह नहीं कहती हूँ कि अपने पुराने संस्कारों को भूल जाओ मगर मैं यह भी कहती हूँ कि दुनिया के साथ कदम से कदम मिलाकर चलो यह भी जरूरी है। ज़िंदगी में अच्छी बातों को अपनाओं और बुरी बातों को जीवन से दूर फेंक दो। मेरे मन की इच्छा है कि मैं कुछ बन पाऊ। मगर यह पुरानी सोच मुझे आगे नहीं बढ़ने देती। पुरानी सोच मुझे रोकती है मेरा भी मन चाहता है कि मैं भी अपने सपनों की उड़ान भर सकू। जीवन का लक्ष्य पूरा कर सकू। मैं भी कुछ बन पाऊ। मेरी भी इच्छा है कि मैं अपने माता-पिता का नाम रोशन करु अपने गाँव का नाम ऊँचा करु। मगर हमारे गाँव के लोगों की सोच नहीं बदल पाई और न उनकी सोच अब तक मैं बदल पाई हूँ। मैं यहीं चाहती हुँ कि उनकी सोच बदले और मेरे सपनों को पंख लग सके और मैं सपनों के संग अपनी उड़ान भर सकू। मैं भी आज़ाद पक्षी की तरह उड़ सकू मगर अब तक मैं एक पिंजरे में बंद चिड़िया की तरह हूँ जो अपने इच्छा के साथ नहीं उड़ सकती। मैं चाहती हूँ कि मैं भी दुनिया को देखू। मैं भी अपनी पहचान बनाऊ। इसलिए मैं इच्छा करती हूँ कि अगर नई सोच अपनाए और पुरानी सोच को छोड़ दें। क्योंकि शायद इसी बदलाव के कारण मेरे सपने पूरे हो सके और मैं कुछ बन पाऊ। मेरे सपनों को पंख लग सके मैं उनके संग अपनी उड़ान भर सकू। मैं भी अपने सपनों को जीना चाहती हूँ। मगर मुझे विश्वास है कि एक दिन मेरे गाँव के लोगों की सोच बदलेगी उस सोच मैं बदलूगी और अपनी इच्छा को पूरा करुगी।

# असफलता में भी सफलता

**जसप्रीत कौर**

सफलता तथा असफलता हमारे जीवन चक्र के दो महत्वपूर्ण पहलू हैं। यदि यह न हो तो जीवन में कुछ भी नहीं है। यह ज़रुरी नहीं कि हम जो भी कार्य करें उसमें हमें सफलता ही मिले। मनुष्य का स्वभाव है कि जब तक उसे सफलता प्राप्त होती रहती है। तब तक वह संतोषजनक जीवन व्यतीत करता है और उसे एक भी असफलता का झटका लगता है तो वह अपने दुर्भाग्य पर रोने लगता है। दुर्भाग्य शब्द का प्रयोग मनुष्य अपनी कमियों को छिपाने के लिए करता है, जबकि मनुष्य को चाहिए कि वह धैर्य रखकर अपनी असफलता को सफलता में बदलने का प्रयास करे।

किसी भी कार्य को करते समय उसकी बारीकियों का पूरा ध्यान रखे। काम को सोच समझकर करने में सफलता अवश्य प्राप्त होगी तथा अगर उस कार्य में असफलता प्राप्त हो तो उसे दोबारा करने का प्रयास करे। मनुष्य को कोमलहीन होना चाहिए। मेहनती मनुष्य को सफलता अवश्य मिलती है। चाहें वह काम कितना भी कठिन क्यों न हो।

कुछ लोग ऐसे होते हैं जिनमें कार्य करने की क्षमता नहीं होती है। परन्तु फिर भी वह बिना कुछ सोचे समझे कठिन कार्यों को हाथ में लेते है। जो उनकी क्षमता से अधिक होता है। इसलिए उन्हें असफलता प्राप्त होती है। यदि वह इसे अपना दुर्भाग्य कहते है। मनुष्य को अपनी क्षमता के अनुसार कार्य करना चाहिए। मेहनत से मनुष्य प्रत्येक क्षेत्र में सफल हो सकता है। मेहनती व्यक्ति ज़िंदगी में कभी असफल नहीं हो सकते। मनुष्य को चाहिए वह असफल होने पर धैर्य से काम करे निराश होकर बैठे नहीं बल्कि फिर से नए जोश से अपने कार्य में जुट जाना चाहिए।

# WHAT IS CYBER SECURITY?

Cyber security can be described as the collective methods, technologies, and processes to the help protect the confidentality, integrity and availability of computer system, network and data against cyber attacks or unauthorized acces from both external and internal threats as well as disruptions caused due to natural disasters.

## TYPES OF CYBER SECURITY TECHNIQUES

(i) Authentication

(ii) Strong Password

(iii) Encryption

(iv) Antivirus

(v) Firewall

## FACILITY OF FASTAG IN TRAVELLING

Fastag is a tag which enables automatic deduction of toll charges and lets up pass through the toll plaza without stopping for the cash transaction. Fastag is linked to prepaid account from which the applicable toll amount is deducted. The tag employs Radio-Frequency Identification (RFID) technolgogy and is affixd on the vehicle's windscreen after the tag account is active.

Fastag is a perfect solution for a hassle free trip on national highways.

**What are the benefits of using Fastag?**

1. **Ease of Payment :** The toll amount is automatically deducted from Fastag prepaid account, so no need to carry cash for the toll transactions. It also saves time.

2. SMS alerts for toll transactions, low balance.

3. Online portal for customers.

4. Validity of 5 years.

5. **Online Recharge :** Fastag can be recharged online through Credit Card/Debit Card/NEFT/RTGs or Net Banking.

**Manvir Kaur**

● ● ●

**ਆਪਣੀ ਬੁਰਾਈ ਸੁਣਨ ਦੀ ਹਿੰਮਤ ਪੈਦਾ ਕਰੋ। ਲੋਕ ਤੁਹਾਡੀ ਬੁਰਾਈ ਕਰਨੋਂ ਕਦੇ ਬਾਜ਼ ਨਹੀਂ ਆਉਣਗੇ।**

**APPLICATIONS ARE INVITED UPTO 15.02.2025 FROM ELIGIBLE CANDIDATES**

Application Regd. No.________

# BABA MAKHAN SHAH LOBANA FOUNDATION (REGD.)

Sector-30A, Chandigarh-160030, Phone: 73470-65188, 98768-11137

## APPLICATION FORM

Affix Passport Size Photo

Merit, Merit Cum-Means Scholarship for the Academic Year-202__

1. Name of Applicant ______________________________
   (In Block Letters)
2. (i) Father's Name: ______________________________
   (ii) Mother's Name: ______________________________
   (iii) Occupation: ______________________________
3. Caste ______________________________
4. Address for Correspondence: Village:- ____________ Post Office :-____________
   Police Station :-________________ Tehsil :- ________________
   Distt :-______________________Pin Code :- ________________
5. Permanent Address ______________________________
   Contact No. Mobile: ____________ STD Code: ______ Landline:____________
   E-mail: ______________________________
6. Class in which studying ______________________________
7. Past performance and merit in the School/Board/ University (Last Two Years) : -

| Class | Board/University | Year of Passing | % (Percentage) | Remarks |
|---|---|---|---|---|
| | | | | Indicate Board/University Examination (Attach Marks Sheet) |
| | | | | Indicate Board/University Examination (Attach Marks Sheet) |

8. Were you granted scholarship last year: Yes/No
   If Yes, Amount of Scholarship received (last year) ____________ Class______
9. i) Annual income of Parents/Guardians in Rs. ____________ p.a.
   ii) Attach income certificate from the employer/ Payslip/STT A/C
   iii) Income verified by the Sarpanch/ Numberdar.

10. Signatures a) Student: ______________________

b) Father-Guardian : ______________________

11. Name of the Bank ______________________ Place ______________________

Account Holder's Name ______________________

Bank Account No. ______________________IFSC Code ______________________

12. Identify documents: - Aadhar Card/ Election Card / Ration Card/ Any Govt. issued ID.

Note: List of documents to be attached with application: -

a. Self-attested photocopy of Marks Sheet.
b. Self-attested any other educational document etc.
c. No. of enclosures with the application.

13. Certificate of the Head of the Institution: -

Certified that the applicant is a regular student of class __________ in this School/ College and particulars as shown above are correct.

Place ______________ Signature ______________

Dated ______________ Name ______________

Designation Stamp Seal

1. Certified that the above facts stated are correct & true to the best of my knowledge. Recommended by the Executive Committee Member/ Working Committee Member/ Any Office Bearer of the BMSL Foundation (Regd.), Sector 30A, Chandigarh.

Place ______________ Signature ______________

Dated ______________ (Name & Designation)

**FOR OFFICE USE ONLY**

i) Date of application received ______________
ii) Completion / correctness of the applicant By General Secretary ______________
iii) No. of enclosures with the application ______________

Recommended by___________ Sanctioned/ Approved___________

Convener/ Member of the Education Committee

President



# MATRIMONIAL



SEEKING MATCH FOR SIKH LOBANA GIRL STATE/CENTER GOVT. EMPLOYEE, B. A. L.L.B, APRIL 1997, 5'-5", WORKING AS LEGAL ASSISTANT, PUNJAB GOVT. AT CHANDIGARH. CONTACT: 98139-24411

* * * * *

SEEKING SUITABLE MATCH FOR LOBANA SIKH BOY PARGAT SINGH, S/O SUB. GIAN SINGH, IS WELL-SETTLED IN CANADA. HE IS A GRADUATE AND OWNS TWO RESTAURANTS IN CANADA. HIS FATHER IS RETIRED FROM THE ARMY, HIS MOTHER IS A HOMEMAKER, AND HIS SISTER IS MARRIED AND WELL-SETTLED IN CANADA. HE IS LOOKING FOR A WELL-EDUCATED GIRL FROM A REPUTABLE FAMILY. Contact: +1 (709) 217-6091, +1 (709) 217-6788

* * * * *

LOOKING FOR PROFESSIONALLY QUALIFIED, PREFERABLY AMRITDHARI GIRL FOR GURSIKH- AMRITDHARI LUBANA BOY, DOB-23.08.1993(29 YRS) HEIGHT –6'6", QULIFICATIONS – B. TECH (COMPUTER SCIENCE) GRADUATE DIPLOMA IN APPLIED MANAGEMENT – WORKING AS DATA REPORTIN GANALYST WITH AUCKLAND DISTRICT HEALTH BOARD, AUCKLAND-NEW ZEALAND, ANNUAL PACKAGE -NZ$1..03 LACS (RS.50 LACS). FAMILY – FATHER BANK MANAGER, MOTHER HOMEMAKER AND YOUNGER BROTHER UNMARRIED – WORKING ABROAD IN MNC, OWN HOUSE IN DELHI. CASTE NO BAR. CONTACT - 98710-96789

* * * * *

LUBANA SIKH BOY DEC'92, 5.11FT. BE MBA, SR. MANAGER MNC DELHI, REQUIRED QUALIFIED.WORKING GIRL CAST NO BAR. 9417145424, 8360907886

* * * * *

MATCH FOR MBBS, MD MEDICINE, MRCP GASTROENTEROLOGY WORKING IN UK. LUBANA SIKH, 5'8", 92 BORN, ONLY SON. AFFLUENT EDUCATED FAMILY. NO DEMANDS. CONT: +91 9878337411

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਨ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਜਨਵਰੀ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਬੀਬੀ ਜਗੀਰ ਕੌਰ | 470 | 1000/- | 11.01.2025 |
| 2. | ਪੰਡਿਤ ਰਾਮ ਕੁਮਾਰ<br>ਬ.ਮ.ਸ.ਲ. ਫ਼ਾਊਂਡੇਸ਼ਨ. ਚੰਡੀਗੜ੍ਹ। | 471 | 500/- | 14.01.2025 |
| 3. | ਸ. ਰਵਿੰਦਰ ਸਿੰਘ<br>ਗੁਰੂ ਘਰ ਮੁੱਖ ਸੇਵਾਦਾਰ, ਮ. ਨੰ: 2092,<br>ਸੈਕਟਰ-45, ਚੰਡੀਗੜ੍ਹ। | 472 | 200/- | 14.01.2025 |
| 4. | ਸ. ਐਨ.ਪੀ. ਸਿੰਘ<br>ਸੈਕਟਰ-48, ਸਟਾਰ ਐਨਕਲੇਵ, ਚੰਡੀਗੜ੍ਹ। | 473 | 100/- | 14.01.2025 |
| 5. | ਸੂਬੇਦਾਰ ਮੇਜਰ ਜਸਪਾਲ ਸਿੰਘ<br>ਏ.ਕੇ.ਐਸ. ਕਲੋਨੀ, ਜ਼ੀਰਕਪੁਰ। | 474 | 200/- | 14.01.2025 |
| 6. | ਸ. ਅਮਰਜੀਤ ਸਿੰਘ ਮੁਲਤਾਨੀ<br>ਮ. ਨੰ: 42, ਸੈਕਟਰ-16ਏ, ਚੰਡੀਗੜ੍ਹ। | 475 | 1100/- | 14.01.2025 |
| 7. | ਬੀਬੀ ਨਰਿੰਦਰ ਕੌਰ<br>ਮ. ਨੰ: 2020, ਸੈਕਟਰ 37ਸੀ, ਚੰਡੀਗੜ੍ਹ। | 476 | 200/- | 14.01.2025 |
| 8. | ਸ. ਦਰਬਾਰਾ ਸਿੰਘ<br>ਮ. ਨੰ: 130, ਸੈਕਟਰ 46ਏ, ਚੰਡੀਗੜ੍ਹ। | 477 | 200/- | 14.01.2025 |
| 9. | ਸ. ਚਰਨਜੀਤ ਸਿੰਘ<br>ਐਚ.ਐਲ. 600, ਫ਼ੇਸ-9, ਚੰਡੀਗੜ੍ਹ। | 478 | 200/- | 14.01.2025 |
| 10. | ਕਰਨਲ ਗੁਰਦੀਪ ਸਿੰਘ (ਰਿਟਾ.),<br>ਵੀ.ਪੀ. (ਹੈ.ਕੁ.), ਮ. ਨੰ: 62, ਸੈਕਟਰ-71, ਮੋਹਾਲੀ। | 479 | 500/- | 14.01.2025 |
| 11. | ਸ. ਗੁਰਚਰਨ ਸਿੰਘ<br>ਮ. ਨੰ: 39, ਸੈਕਟਰ 16 ਏ, ਚੰਡੀਗੜ੍ਹ। | 480 | 500/- | 14.01.2025 |
| 12. | ਸ. ਪਰਮਜੀਤ ਸਿੰਘ ਪਾਲੀਆ<br>ਮ. ਨੰ: 763, ਸੈਕਟਰ 40ਏ, ਚੰਡੀਗੜ੍ਹ।<br>(ਆਪਣੇ ਸਵਰਗਵਾਸੀ ਮਾਤਾ-ਪਿਤਾ ਜੀ ਦੀ ਯਾਦ ਵਿਚ ਭਵਨ ਨੂੰ ਦਾਨ ਕੀਤੇ।) | 481 | 2100/- | 14.01.2025 |
| 13. | ਸ. ਹਰਭਜਨ ਸਿੰਘ, ਡੀ.ਆਈ.ਜੀ. (ਰਿਟਾ.)<br>ਫ਼ਲੈਟ ਨੰ : 204, ਫ਼ਾਲਕਨ ਵਿਊ, 66-ਏ, ਮੋਹਾਲੀ। | 482 | 500/- | 24.01.2025 |

| | | | | |
|---|---|---|---|---|
| 14. | ਕੈਪਟਨ ਬਿਕਰਮ ਪਾਲ ਸਿੰਘ | 483 | 2100/- | 24.01.2025 |
| | 1209, ਯੂਨਿਵਰਸਲ ਐਨਕਲੇਵ, ਸੈਕਟਰ 48ਬੀ, ਚੰਡੀਗੜ੍ਹ। | | | |
| | (ਆਪਣੇ ਪਿਤਾ ਜੀ ਦੀ ਯਾਦ ਵਿਚ ਪੰਜਵੀਂ ਬਰਸੀ ਤੇ ਅਖੰਡ ਪਾਠ ਕਰਾਉਣ ਵਜੋਂ ਭਵਨ ਨੂੰ ਭੇਂਟ ਕੀਤੇ।) | | | |
| 12. | ਸ. ਸੁਖਵਿੰਦਰ ਸਿੰਘ | 469 | 500/- | 27.12.2024 |
| | ਇੰਸਪੈਕਟਰ ਸੀ.ਬੀ.ਆਈ, ਜਲਾਲਪੁਰ। | | | |
| | (ਨੋਟ - ਦਸੰਬਰ ਦੇ ਅੰਕ ਵਿਚ ਇਸ ਰਸੀਦ ਦੀ ਰਾਸ਼ੀ 200/- ਛੱਪ ਗਈ ਸੀ।) | | | |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

● ● ●

**ਇਨਸਾਨ ਉਦੋਂ ਸਮਝਦਾਰ ਨਹੀਂ ਹੁੰਦਾ ਜਦੋਂ ਉਹ ਵੱਡੀਆਂ-ਵੱਡੀਆਂ ਗੱਲਾਂ ਸਮਝਣ ਲੱਗ ਪਏ, ਸਗੋਂ ਉਦੋਂ ਸਮਝਦਾਰ ਹੁੰਦਾ ਹੈ ਜਦੋਂ ਉਹ ਛੋਟੀਆਂ-ਛੋਟੀਆਂ ਗੱਲਾਂ ਨੂੰ ਸਮਝਣ ਲੱਗ ਪਏ।**

# Lobana Bhawan

Baba Makhan Shah Lobana Foundation (Regd.),
Sector 30-A, Chandigarh

## *Facilities Available for All Types of Functions at reasonable rates*

| | |
|---|---|
| *Double Bed A.C Rooms* | *Dormitory A.C Rooms Four Single Bed* |
| *Main Hall, A.C Capacity 400 Persons* | *Mini Hall, A.C Capacity 150-200 Persons* |
| *Main Auditorium, A.C Capacity 450 Persons* | *Mini Auditorium, A.C Capacity 150 Persons* |
| *Basement Hall 350-400 Persons* | *Conference Hall, A.C Capacity 25 Persons* |

**24x7 Catering Service Available**

For Booking Contact :-
98768-11137, 73470-65188





ਮਿਤੀ 14-01-2025 ਨੂੰ ਗੁਰੂ ਘਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵਿਚ ਸੰਗਰਾਂਦ ਦਾ ਪਵਿੱਤਰ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸੰਗਤਾਂ ਨੂੰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।









ਮਿਤੀ 24-01-2025 ਨੂੰ ਮਰਹੂਮ ਸ. ਬਲਵਿੰਦਰ ਸਿੰਘ ਮੁਲਤਾਨੀ ਜੀ ਦੇ ਪਰਿਵਾਰ ਵੱਲੋਂ ਮੁਲਤਾਨੀ ਜੀ ਦੀ ਯਾਦ ਵਿਚ ਅਰਦਾਸ ਕਰਵਾਈ ਗਈ ਅਤੇ ਪਰਿਵਾਰ ਵੱਲੋਂ ਲੁਬਾਣਾ ਫਾਊਂਡੇਸ਼ਨ ਨੂੰ 2100 ਰੁਪਏ ਦੀ ਅਰਦਾਸ ਵੀ ਕਰਵਾਈ ਗਈ। ਸੰਗਤਾਂ ਨੂੰ ਪਰਿਵਾਰ ਵੱਲੋਂ ਗੁਰੂ ਕਾ ਲੰਗਰ ਅਤੁੱਟ ਛਕਾਇਆ ਗਿਆ।

## GHOTRA FAMILY DONATES RS 15000 TO BMSL CHD. CELEBRATES DAUGHTER'S ACHIEVEMENT



As Preeti Lobana's great achievement in being posted as MD of Google Indias Digital Native Industries, her parental family donates Rs. 15000 to BMSL Chd as donation. Preeti Lobana is the proud daughter of Col. Hardyal Singh Ghotra, past Finance Secy. of the BMSL Chd. President and management of BMSL congratulates Preeti Lobana and proud parents and thanks the family for donations.

**Editor.**